5/3 ਸ੍ਰੀ ਪੰਡਤ ਜੀਜ

# ਕੂਕੇ ਸਿੰਘ

=ਤੇ=

# ਅੰਗਰੇਜ਼ ਰਾਜ

ਲੇਖਕ–

ਗਿਆਨੀ ਕਾਹਲਾ ਸਿੰਘ

ਨੰਗਲਾਂ ਵਾਲੇ

745

੫੦ ਪੈਸੇ

Sri Satguru Jagjit Singh Ji ELibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ ੴ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਧਰਮ ਦੇ ਹਿਤ ਮੌਤ ਵੇਖ ਕੇ, ਖੰਡੇ ਧਾਰ ਚਲ ਨੱਚਣ।
ਕੈਦ ਤਸ਼ਦਦਾਂ ਪਿੰਜਰੇ ਅੰਦਰ, ਭੰਗੜੇ ਪਾਵਣ ਹੱਸਣ।
ਭਾਰਤ ਅਜਾਦ ਕਰਾਇਆ ਜਿਨ੍ਹਾਂ ਨੇ, ਓਹਨਾਂ ਦੀਆਂ ਹਨ ਯਾਦਾਂ।
ਕਵੀਆਂ ਦੀਆਂ ਕਲਮਾਂ ਉਤੇ, ਬਣਨ ਸ਼ਹੀਦਾਂ ਦੀਆਂ ਸਮਾਧਾਂ।

# ਕੂਕੇ ਸਿੰਘ ਤੇ ਅੰਗਰੇਜ ਰਾਜ

ਲੇਖਕ—

## ਗਿਆਨੀ ਕਾਹਲਾ ਸਿੰਘ ਜੀ ਨੰਗਲਾਂ ਵਾਲੇ

ਬਿਕ੍ਰਮੀ ੧੯੨੮ ਵਿਚ ਮਲੇਰ ਕੋਟਲੇ ਸਿੰਘ ਤੋਪਾਂ ਨਾਲ ਸ਼ਹੀਦ ਕਰਨ ਤੋਂ ਬਾਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ੧੦ ਸੂਬਿਆਂ ਸਮੇਤ ਅੰਗਰੇਜ਼ ਨੇ ਨਜ਼ਰਬੰਦ ਕਰਕੇ ਪ੍ਰਦੇਸ ਵਿਚ ਗਾਰਦਾਂ ਦੇ ਪਹਿਰੇ ਵਿਚ ਭੇਜਣ ਤੋਂ ਪਿਛੋਂ ਪੰਜਾਬ ਦੇ ਨਾਮਧਾਰੀ ਸਿੰਘਾਂ ਤੇ ਅੰਗਰੇਜ਼ਾਂ ਦੀਆਂ ਸਖਤੀਆਂ, ਸਿਖ ਰਿਆਸਤਾਂ ਦੇ ਰਾਜਿਆਂ ਦੇ ਕੂਕੇ ਸਿੰਘਾਂ ਤੇ ਜ਼ੁਲਮਾਂ ਦਾ ਸੰਖੇਪ ਵਰਣਨ ਦਰਜ ਹੈ।

ਪ੍ਰਕਾਸ਼ਕ—

## ਸੰਤ ਬਿਸ਼ਨ ਸਿੰਘ ਹਿਸਟੋਰੀਅਨ

ਸ੍ਰੀ ਜੀਵਨ ਨਗਰ

## ਮਿਲਣ ਦਾ ਪਤਾ—ਗਿਆਨੀ ਬੂਟਾ ਸਿੰਘ

ਡਾਕਖਾਨਾ ਧਰਮ ਪੁਰਾ, ਪਿੰਡ ਦਮਦਮਾ, ਹਿਸਾਰ

Sri Satguru Jagjit Singh Ji ELibrary NamdhariElibrary@gmail.com

ਗੁਰਬਾਣੀ ਪ੍ਰੈਸ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ
ਵਿਚ ਪ੍ਰਿੰਟਰ—ਸ: ਗੁਰਬਚਨ ਸਿੰਘ ਦੇ ਯਤਨ ਨਾਲ ਛਪੀ।

Sri Satguru Jagjit Singh Ji ELibrary NamdhariElibrary@gmail.com

# ਮੁਖ-ਬੰਦ

ਅੰਗਰੇਜ਼ ਭਾਰਤ ਵਿਚੋਂ ਚਲਾ ਗਿਆ, ਹਿੰਦੁਸਤਾਨ ਅਜ਼ਾਦ ਹੋ ਗਿਆ। ਅੰਗਰੇਜ਼ ਜਾਂਦਾ ਜਾਂਦਾ ਭਾਰਤ ਵਿਚ ਪਿੱਛੂ ਛਡ ਗਿਆ।

ਪੰਜਾਬ ਹਿੰਦ ਦੇ ਦੋ ਹਿਸੇ ਕਰਕੇ ਗਿਆ। ਹਿੰਦ ਸਰਕਾਰ ਦੇ ਸਕਤਰ ਐਂਟੇ ਚਿਸ਼ਨ ਨੇ ਗਵਰਨਰ ਜਨਰਲ ਦੇ ਪੁਜਣ ਤੇ ਉਤਰ ਦਿਤਾ। ੧ ਅਪਰੈਲ ੧੮੭੨ ਚੌਥਾ ਪਹਿਰਾ।

(ਚਿਠੀ ਨੰਬਰ ੩੯੧ ਉਲਥਾ)

ਕੂਕੇ ਪੰਥ ਦੇ ਖਾਸ ਆਗੂਆਂ ਨੂੰ ਸੂਬੇ ਵਿਚੋਂ ਜਲਾਵਤਨ ਕਰ ਦਿਤਾ ਹੈ ਤੇ ਜੋ ਅਸਰ ਰਸੂਖ ਵਾਲੇ ਹਨ ਉਹਨਾਂ ਤੇ ਕਰੜੀ ਨਿਗਾਹ ਰਹਿਣੀ ਹੈ। ਅਤੇ ਓਹਨਾਂ (ਕੂਕਿਆਂ) ਦੀਆਂ ਸਰਗਰਮੀਆਂ ਨੂੰ ਹੁਸ਼ਿਆਰੀ ਨਾਲ ਦੇਖ-ਭਾਲ ਕੀਤੀ ਜਾਂਦੀ ਹੈ।

ਪੇਂਡੂ ਹਲਕਿਆਂ ਦੇ ਮੁਖੀਆਂ, ਜ਼ੈਲਦਾਰਾਂ ਅਤੇ ਨੰਬਰਦਾਰਾਂ ਨੂੰ ਓਹਨਾਂ ਬਾਬਤ ਰਿਪੋਟ ਕਰਨ ਦੀ ਹਦੈਤ ਕਰ ਦਿਤੀ ਹੈ। ਓਹ ਆਪਣੇ ਆਪਣੇ ਹਲਕਿਆਂ ਅਤੇ ਪਿੰਡਾਂ ਵਿਚ ਕੂਕਾ ਸਰਗਰਮੀਆਂ ਬਾਬਤ ਰਿਪੋਟਾਂ ਕਰਿਆ ਕਰਨਗੇ। ਪੰਜਾਬ ਦੇ ਵਿਚ ਕੂਕਿਆਂ ਦਾ ਕੱਠ ਸਾਰੇ ਦੇਸ ਵਿਚ ਮਨ੍ਹਾ ਕਰ ਦਿਤਾ ਹੈ। ਕੁਹਾੜੀਆਂ (ਸਵਾ ਜੰਗ) ਸੰਮਾਂ ਵਾਲੀਆਂ ਲਾਠੀਆਂ ਅਤੇ ਹੋਰ ਹਥਿਆਰ ਜੋ ਕਾਨੂੰਨੀ ਜੱਦ ਹੇਠ ਨਹੀਂ ਔਂਦੇ ਪਬਲਕ ਥਾਵਾਂ ਤੇ ਲਜਾਣ ਦੀ ਮਨਾਹੀ ਕਰ ਦਿਤੀ ਹੈ।



Sri Satguru Jagjit Singh Ji ELibrary NamdhariElibrary@gmail.com

ਸਾਰੇ ਫਿਰਕੇ ਵਾਸਤੇ ਨਿਗਰਾਨੀ ਅਤੇ ਰਿਪੋਟਾਂ ਦਾ ਪੂਰਾ ਪੂਰਾ ਪਰਬੰਧ ਹੈ।

ਮਹੰਤ, ਪੁਜਾਰੀ, ਗੱਦੀਦਾਰ ਡੇਰੇ, ਸਰਦਾਰ, ਜਗੀਰਦਾਰ, ਰਾਜੇ ਮਹਾਰਾਜੇ, ਨਵਾਬ ਤੇ ਇਤਿਹਾਸਕਾਰਾਂ ਨੇ ਕੂਕਿਆਂ ਦੀ ਕੁਰਬਾਨੀ ਖਤਮ ਕਰਨ ਵਾਸਤੇ ਅੰਗਰੇਜ਼ ਦੀ ਮਦਦ ਕੀਤੀ।

ਜਿਨ੍ਹਾਂ ਭਾਰਤ ਅਜ਼ਾਦ ਕਰਨ ਹਿਤ ਤਨ, ਮਨ, ਧਨ, ਸੁਖ, ਜੁਆਨੀ, ਸਰਦਾਰੀ, ਪੁਤ੍ਰ-ਧੀ ਦਾ ਪਿਆਰ ਛਡ ਕੇ ਦੇਸ ਨੂੰ ਸਵਤੰਤਰ ਕਰਨ ਵਾਸਤੇ ਅਸਹਿ ਤੇ ਅਕਹਿ ਕਸ਼ਟ ਸਰੀਰਾਂ ਤੇ ਝਲੇ।

ਅੰਗਰੇਜ਼ ਦੇ ਰਾਜ ਵਿਚ ਦੇਸੀ ਸਿਖ ਰਿਆਸਤਾਂ ਦੇ ਰਾਜਿਆਂ ਜੋ ਨਾਮਧਾਰੀ ਸਿੰਘਾਂ ਤੇ ਸਖਤੀਆਂ ਕੀਤੀਆਂ ਬਾਬੇ ਕਾਹਲਾ ਸਿੰਘ ਦੀ ਕਲਮ ਨੇ, ਓਹਨਾਂ ਦੇ ਜ਼ਬਾਨੀ ਹਾਲ ਸੁਣ ਕੇ ਲਿਖੇ।

ਇਕ ਇਕ ਤੁਕ ਵਿਚ ਕੂਕਾ ਇਤਿਹਾਸ ਹੈ।

ਮੈਂ ਭਾਈ ਬਿਸ਼ਨ ਸਿੰਘ ਜੀ ਦੇ ਪ੍ਰਕਾਸ਼ਤ ਕਰਨ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਤੇ ਮਹਾਰਾਜ ਬੀਰ ਸਿੰਘ ਜੀ ਦਾ ਭਾਈ ਬਿਸ਼ਨ ਸਿੰਘ ਹਿਸਟੋਰੀਅਨ ਤੇ ਭਾਈ ਬੂਟਾ ਸਿੰਘ ਤੇ ਪ੍ਰੇਮ-ਭਰਿਆ ਪਿਆਰ ਦਾ ਚਾਹਵਾਨ ਹਾਂ। ਛੋਟੇ ਛੋਟੇ ਟਰੈਕਟਾਂ ਰਾਹੀਂ ਬਾਬਾ ਜੀ ਦੀ ਕਿਰਤ ਨੂੰ ਪ੍ਰਚਾਰਿਆ ਜਾਣਾ ਚਾਹੀਦਾ ਹੈ। ਜਿਵੇਂ ਕੂਕੇ ਸਿੰਘ ਤੇ ਅੰਗਰੇਜ਼ ਰਾਜ।

ਦਾਸ–

ਨਾਹਰ ਸਿੰਘ ਐਮ. ਏ.,
ਨਾਮਧਾਰੀ ਇਤਿਹਾਸ ਦਾ ਲੇਖਕ
ਸ਼ਕਤੀ ਨਗਰ, ਨਵੀਂ ਦਿੱਲੀ



Sri Satguru Jagjit Singh Ji ELibrary NamdhariElibrary@gmail.com

੧ ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

# ਕੂਕੇ ਸਿੰਘ ਤੇ ਅੰਗਰੇਜ਼ ਰਾਜ ਦਾ ਹਾਲ ਲਿਖਜਤੇ

ਲੇਖਕ–ਗਿਆਨੀ ਕਾਹਲਾ ਸਿੰਘ ਨਾਮਧਾਰੀ

ਦੋਹਿਰਾ–ਅੰਗਰੇਜ਼ਾਂ ਦਾ ਰਾਜ ਸੀ, ਭਾਰਤ ਵਿਚ ਪੰਜਾਬ।
ਨਾਮਧਾਰੀਆਂ ਸਿੰਘਾਂ ਨੂੰ, ਦਿਤੇ ਬੜੇ ਅਜ਼ਾਬ। ੧।
ਦੋਹਿਰਾ–ਗੁਰੂ ਚਰਨਾਂ ਦੀ ਓਟ ਰਖ, ਲਿਖਾਂ ਓਹਨਾਂ ਦਾ ਹਾਲ।
ਜਿਨਾਂ ਸਿੰਘਾਂ ਨਾਲ ਵਰਤਿਆ, ਜ਼ੁਲਮ ਤੇ ਸਖਤ ਭੁਚਾਲ।੨।
ਦੋਹਿਰਾ–ਜੋਤ ਬਾਰਵੀਂ ਸਾਂਤਨਿਧ, ਗੁਰੂ ਹਰੀ ਸਿੰਘ ਰੂਪ।
ਕਾਹਲਾ ਸਿੰਘ ਦੀ ਓਟ ਤੂੰ, ਹੈਂ ਅਕਾਲ ਸਰੂਪ। ੩।

## ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਬੈਂਤ–ਜਦੋਂ ਸਾਂਭਿਆ ਹਿੰਦ ਫਰੰਗੀਆਂ ਨੇ,
ਸਿਖ ਰਾਜ ਲੈ ਪੰਥ ਬਿਰੰਗ ਕੀਤਾ।
ਸਿੱਖੀ ਅਣਖ ਤੇ ਧਰਮ ਦੇ ਮੇਟਣੇ ਨੂੰ,
ਗਊਆਂ ਮਾਰ ਕੇ ਪਾਪ ਨਸ਼ੰਗ ਕੀਤਾ।
ਝੰਡਾ ਦੇਸ ਅਜਾਦੀ ਲੈ ਚੜੇ ਕੂਕੇ,
ਸਤਿਗੁਰੂ ਰਾਮ ਸਿੰਘ ਬਚਨ ਬਲੰਦ ਕੀਤਾ।
ਗੁਲਾਮ ਦੇਸ ਨੂੰ ਹੈ ਆਜ਼ਾਦ ਕਰਨਾ,
ਨਾਹਰਾ ਮਾਰ ਕੇ ਲਾਟ ਨੂੰ ਦੰਗ ਕੀਤਾ।
ਕੀਤੇ ਕਤਲ ਬੁਚੜ ਸਿੰਘਾਂ ਕੂਕਿਆਂ ਨੇ,
ਕਾਨੂੰਨ ਤੋੜ ਦਿਤਾ, ਰਾਜ ਭੰਗ ਕੀਤਾ।
ਜ਼ੁਲਮ ਕੋਟਲੇ ਸ਼ਹਿਰ ਕਰਾਣ ਗੋਰੇ,
ਮਸਤਾਨੇ ਸਿੰਘਾਂ ਨੇ ਆਕੇ ਜੰਗ ਕੀਤਾ।
ਵੈਰ ਗੋਰਿਆਂ ਸਿੰਘਾਂ ਨੂੰ ਪਕੜਿਆ ਸੀ,
ਨਾਲ ਤੋਪ ਦੇ ਮਾਰ ਕੁਢੰਗ ਕੀਤਾ।



Sri Satguru Jagjit Singh Ji ELibrary NamdhariElibrary@gmail.com

ਸੂਬੇ ਸਤਿਗੁਰੂ ਰਾਮ ਸਿੰਘ ਪੰਥ ਸਾਰਾ,
ਹਰ ਜ਼ਿਲੇ ਘਰ ਪਿੰਡ ਪਾਬੰਦ ਕੀਤਾ।
ਰਾਜ ਹਿੰਦ ਵਿਚ ਸੀ ਫਰੰਗੀਆਂ ਦਾ,
ਸਿਖ ਰਾਜਿਆਂ ਸਿੰਘਾਂ ਨੂੰ ਤੰਗ ਕੀਤਾ।
ਕੂਕੇ ਪੰਥ ਨਾਲ ਬਹੁਤਿਆਂ ਜ਼ੁਲਮ ਕੀਤਾ,
ਕਾਹਲਾ ਸਿੰਘ ਹੈ ਬੇਅੰਤ ਪ੍ਰਸੰਗ ਕੀਤਾ।੧।

## ਨਾਮਧਾਰੀ ਸਿੰਘਾਂ ਤੇ ਗੁਰ ਨਾਨਕ ਪੰਥੀਆਂ ਦੀਆਂ ਵਧੀਕੀਆਂ

ਸ੍ਰੀ ਸਤਿਗੁਰੂ ਰਾਮ ਸਿੰਘ ਬਾਈ ਸੂਬੇ,
ਪਾਬੰਦ ਸੀ ਕਰੇ ਸਰਕਾਰੀਆਂ ਨੇ।
ਸਿਖ ਰਾਜੇ ਤੇ ਸੋਢੀਆਂ ਬੇਦੀਆਂ ਨੇ,
ਨਿਹੰਗ ਸਿੰਘ ਗੁਰਦੁਆਰੀ ਪੁਜਾਰੀਆਂ ਨੇ।
ਨਾਨਕ ਪੰਥੀਆਂ ਗਹਿਰ ਗੰਭੀਰੀਆਂ ਨੇ,
ਪਰਮਹੰਸੀਆਂ ਤੇ ਬ੍ਰਹਮਚਾਰੀਆਂ ਨੇ।
ਉਦਾਸੀ ਨਿਰਮਲੇ ਤੇ ਨਿਰਇਛਤਾਂ ਨੇ,
ਅਵਧੂਤ ਪੰਥੀਆਂ ਤੇ ਨਿਰੰਕਾਰੀਆਂ ਨੇ।
ਅੰਮ੍ਰਿਤਸਰ ਅਕਾਲ ਤਖਤ ਮਾਲਕਾਂ ਨੇ,
ਚਾਰੇ ਤਖਤ ਦੇ ਗੁਰੂ ਦੁਆਰੀਆਂ ਨੇ।
ਕਿਹਾ ਜਾ ਇਉਂ ਫਰੰਗੀ ਦੇ ਲਾਟ ਕੋਲੇ,
ਕੂਕੇ ਸਿੰਘ ਅਜ ਕਰਨ ਖੁਆਰੀਆਂ ਨੇ।
ਥੋਨੂੰ ਕੱਢਣਾ ਦੇਸ ਪੰਜਾਬ ਵਿਚੋਂ,
ਸਤਿਗੁਰੂ ਰਾਮ ਸਿੰਘ ਤੇ ਨਾਮਧਾਰੀਆਂ ਨੇ।
ਅਨੰਦਪੁਰ ਵਾਸੀ ਸੋਢੀ ਆਖਦੇ ਸੀ,
ਕੂਕੇ ਕਰਦੇ ਜੰਗੀ ਤਿਆਰੀਆਂ ਨੇ।



Sri Satguru Jagjit Singh Ji ELibrary NamdhariElibrary@gmail.com

ਬੰਦੋਬਸਤ ਕਰੋ ਸਿੰਘਾਂ ਕੂਕਿਆਂ ਦਾ,
ਵਿਚ ਇਹਨਾਂ ਦੇ ਬਰਕਤਾਂ ਭਾਰੀਆਂ ਨੇ।
ਕਹਿੰਦੇ ਰਾਜ ਕਰਨਾ ਏਥੇ ਖਾਲਸੇ ਨੇ,
ਫਰੰਗੀ ਕੱਢਣੇ ਕਰਨ ਖਵਾਰੀਆਂ ਨੇ।
ਕਾਹਲਾ ਸਿੰਘ ਫਰੰਗੀ ਤੇ ਰਾਜਿਆਂ ਨੇ,
ਕੀਤੀਆਂ ਪੰਥ ਤੇ ਆ ਮੁਹਾਰੀਆਂ ਨੇ।੨।

## ਕੂਕੇ ਸਿੰਘ ਅੰਗਰੇਜ਼ ਰਾਜ ਵਿਚ

ਬਾਗੀ ਪੰਥ ਸਿੰਘਾਂ ਨਾਮਧਾਰੀਆਂ ਦਾ,
ਕਰਨ ਲਗੇ ਫਰੰਗੀ ਨੇ ਤੰਗੀਆਂ ਫਿਰ।
ਭੈਣੀ ਸਾਹਿਬ ਕਿਲਾ ਬਾਗੀ ਕੂਕਿਆਂ ਦਾ,
ਪੁਲਸੀ ਪਹਿਰੇ ਲਾਏ ਫਰੰਗੀਆਂ ਫਿਰ।
ਜ਼ਿਲੇ ਜ਼ਿਲੇ ਪਿੰਡ ਪਿੰਡ ਨਾਮਧਾਰੀ,
ਬਾਲ ਬਿਰਧ ਤੇ ਲੌਣ ਪਾਬੰਦੀਆਂ ਫਿਰ।
ਗੁਰਦੁਆਰੇ ਨਾਂ ਸਿੰਘਾਂ ਨੂੰ ਜਾਣ ਦਿੰਦੇ,
ਦੀਵਾਨ ਬੰਦ ਨੇ ਕੀਤੇ ਕੁਢੰਗੀਆਂ ਫਿਰ।

---

ਨੋਟ—ਅੰਮ੍ਰਿਤਸਰ ਅਕਾਲ ਤਖਤ, ਅਨੰਦ ਪੁਰ ਦੇ ਸੋਢੀ, ਮੁਕਤਸਰ ਦੇ ਮਹੰਤ ਪੁਜਾਰੀ, ਦਮਦਮੇ ਸਾਹਿਬ ਦੇ ਨਿਹੰਗ ਪੁਜਾਰੀ, ਜਗੀਰਦਾਰਾਂ ਤੇ ਸਰਦਾਰਾਂ, ਡੇਰੇਦਾਰਾਂ, ਗੱਦੀਦਾਰਾਂ ਨੇ ਅੰਗਰੇਜ਼ਾਂ ਦਾ ਸਾਥ ਦੇ ਕੇ ਕਿਹਾ, ਜੇ ਗੁਰੂ ਰਾਮ ਸਿੰਘ ਪੰਜਾਬ ਵਿਚ ਰਿਹਾ ਤਾਂ ਥੋੜਾ ਰਾਜ ਲੇ ਲਏਗਾ।

ਮਹੰਤ ਨਰੈਣ ਸਿੰਘ ਜੀ ਸੇਖਵਾਂ ਦੇ ਗੱਦੀਦਾਰ ਡੇਰਾ ਨਿਰਮਲੇ ਅਤੇ ਉਦਾਸੀ ਅਖਾੜਾ ਬ੍ਰਹਮ ਬੂਟਾ ਅੰਮ੍ਰਿਤਸਰ ਤੇ ਜ਼ਿਲਾ ਗੁਰਦਾਸ ਪੁਰ ਬੈਰਾਗੀ ਮਹੰਤ ਧਿਆਨ ਪੁਰ ਵਾਲਿਆਂ ਨੇ ਵੀ ਦਸਖਤ ਨਹੀਂ ਕੀਤੇ।



Sri Satguru Jagjit Singh Ji ELibrary NamdhariElibrary@gmail.com

ਪੁਲਸ ਗੋਰਿਆਂ ਦੇ ਬਣੇ ਯਾਰ ਸਭੇ,
ਨੰਬਰਦਾਰ, ਚੌਕੀਦਾਰ ਭੰਗੀਆਂ ਫਿਰ।
ਗੋਰੇ ਕਰਨ ਸਖਤੀ ਕੂਕੇ ਪੰਥ ਉਤੇ,
ਕਰੇ ਨਵੇਂ ਕਾਨੂੰਨ ਬਦਰੰਗੀਆਂ ਫਿਰ।
ਕਾਹਲਾ ਸਿੰਘ ਜੋ ਸਿਦਕ ਵਿਚ ਰਹੇ ਰੱਤੇ,
ਦੁਖ ਮੰਨਣਾ ਕੀ ਸਤਸੰਗੀਆਂ ਫਿਰ।੩।

## ਭੈਣੀ ਸਾਹਿਬ ਗੁਰਦੁਆਰੇ ਵਿਚ ਸ੍ਰੀ ਗੁਰੂ ਹਰੀ ਸਿੰਘ ਨਜ਼ਰਬੰਦ

ਗੋਰੇ ਲਾਟ ਲਾਹੌਰ ਨੇ ਹੁਕਮ ਦਿਤਾ,
ਭੈਣੀ ਸਾਹਿਬ ਨੂੰ ਫੌਜ ਲਿਆਂਵਦੇ ਜੀ।
ਤਲਾਸ਼ੀ ਕਰਨ ਗੁਰਦੁਆਰਾ ਪੁਟ ਦਿਤਾ,
ਲੁਟ ਪੁਟ ਮਾਇਆ ਲੈ ਜਾਂਵਦੇ ਜੀ।
ਪਹਿਰੇ ਵਿਚ ਚੌਂਕੀ ਬੰਦੇ ਅੱਠ ਹੈਸਨ,
ਡੇਰੇ ਸਿੰਘਾਂ ਨੂੰ ਦੁਖ ਪੁਚਾਂਵਦੇ ਜੀ।
ਖਰਚ ਖਾਣ ਦਾ ਲੈਣ ਜੋ ਮੰਗ ਗੋਰੇ,
ਤਨਖਾਹ ਰਿਆਸਤਾਂ ਤੋਂ ਲੈ ਆਂਵਦੇ ਜੀ।
ਡੇਰੇ ਬਾਹਰ ਨਾ ਦਿੰਦੇ ਸੀ ਜਾਣ ਦੇਖੋ,
ਗੁਰੂ ਹਰੀ ਸਿੰਘ ਜੀ ਤੇ ਭੈ ਖਾਂਵਦੇ ਜੀ।
ਤਿੰਨ ਸਾਲ ਸਖਤੀ ਸੀ ਕਰੀ ਭਾਰੀ,
ਫਿਰ ਲਾਟ ਐਲਾਨ ਛਪਾਂਵਦੇ ਜੀ।
ਦਸ ਸਿੰਘ ਨਿਤ ਜਾਕੇ ਕਰਨ ਦਰਸ਼ਨ,
ਬਾਹਰ ਜਾਣ ਹੋਰ ਨਵੇਂ ਸਿੰਘ ਆਂਵਦੇ ਜੀ।
ਸਦਾ ਵਰਤ ਲੰਗਰ ਦਿਨੇ ਰਾਤ ਵਰਤੇ,
ਭੁਖੇ ਰਾਹੀ ਗਰੀਬ ਜੋ ਖਾਂਵਦੇ ਜੀ।



Sri Satguru Jagjit Singh Ji ELibrary NamdhariElibrary@gmail.com

ਪਾਠ ਸ੍ਰੀ ਗਰੰਥ ਨਾ ਕਰਨ ਦਿੰਦੇ,
ਨਾਲ ਜ਼ੋਰ ਦੇ ਗੋਰੇ ਹਟਾਂਵਦੇ ਜੀ।
ਪੁਛ ਗਿਛ ਤੇ ਤਾੜਦੇ ਸਿੰਘਾਂ ਤਾਈਂ,
ਨਾਮ ਲਿਖ ਦਰਸ਼ਨ ਸਿੰਘ ਪਾਂਵਦੇ ਜੀ।
ਕਾਹਲਾ ਸਿੰਘ ਅੰਗਰੇਜ਼ ਦੇ ਰਾਜ ਅੰਦਰ,
ਕੂਕੇ ਸਤਿਗੁਰਾਂ ਦਾ ਜਸ ਗਾਂਵਦੇ ਜੀ।੪।

## ਲਾਟ ਹਿੰਦ ਦਾ ਐਲਾਨ

ਬਿਕ੍ਰਮ ਉਨੀ ਸੌ ਸਾਲ ਅਠਾਈਏ ਅੰਦਰ,
ਬਾਗੀ ਸਿੰਘ ਸੀ ਕੀਤੇ ਚਲਾਣ ਕੂਕੇ।
ਜਿੰਨੇ ਰਾਜ ਅੰਗਰੇਜ਼ ਦੇ ਪਿੰਡ ਹੈਸਨ,
ਪਿੰਡਾਂ ਵਿਚ ਵਸਦੇ ਕਿਰਸਾਣ ਕੂਕੇ।
ਰਪਟ ਦਿਤੇ ਬਿਨ ਬਾਹਰ ਨਾ ਜਾਣ ਕੂਕੇ,
ਤੀਰਥ ਜਾਣ ਇਤਲਾਹ ਲਖਾਣ ਕੂਕੇ।
ਅਜਾਜਤ ਲੈਕੇ ਠਾਣੇ ਤੋਂ ਜਾਣ ਜਿਥੋਂ,
ਓਸ ਠਾਣੇ ਫਿਰ ਖਬਰ ਕਰਾਣ ਕੂਕੇ।
ਸ਼ਾਦੀ, ਗਮੀ, ਬਰਨੀ, ਪਾਠ ਗਰੰਥ ਕਰਨਾ,
ਤਾਂ ਵੀ ਦੇਣ ਇਤਲਾਹ ਨੂੰ ਜਾਣ ਕੂਕੇ।
ਲੜਕੇ ਲੜਕੀ ਦਾ ਕਰੇ ਅਨੰਦ ਕੋਈ,
ਰੁਪਟ ਦੇਣ ਠਾਣੇ ਵਿਚ ਆਣ ਕੂਕੇ।
ਕਾਹਲਾ ਸਿੰਘ ਨਾ ਕਰਨ ਦਿਵਾਨ ਕੂਕੇ,
ਸ਼ਬਦ ਢੋਲਕਾਂ ਨਾਲ ਨਾ ਗਾਣ ਕੂਕੇ।੫।



Sri Satguru Jagjit Singh Ji E-library Namdhari Elibrary@gmail.com

# ਅੰਗਰੇਜ਼ ਦੇ ਠਾਣਿਆਂ ਅੰਦਰ ਕੂਕੇ ਸਿੰਘ

ਹਰ ਜ਼ਿਲੇ ਅਫਸਰ ਤਸੀਲਦਾਰ ਹੋਸਨ,
ਪਿੰਡ ਪਿੰਡ ਦੇ ਕੂਕੇ ਗਿਰਫਤਾਰ ਹੋਸਨ।
ਜ਼ਮਾਨਤ ਲੈ ਕੇ ਤੇ ਪਾਬੰਦ ਕਰਦੇ,
ਜ਼ੁੰਮੇਵਾਰ ਹੁੰਦੇ ਚੌਂਕੀਦਾਰ ਹੋਸਨ।
ਮਾਲਾ ਉੱਨ ਦੀ ਸਿਧੀ ਦਸਤਾਰ ਵੇਖਣ,
ਕਰਦੇ ਓਸਨੂੰ ਖਵਾਰ ਜ਼ੈਲਦਾਰ ਹੋਸਨ।
ਬਾਹਮਣ ਕਰਨ ਨਾ ਦਿੰਦੇ ਆਨੰਦ ਕਿਤੇ,
ਲੜਨ ਮਰਨ ਤੇ ਮਾਰਨ ਨੂੰ ਤਿਆਰ ਹੋਸਨ।
ਮਿਲਣ ਵਾਸਤੇ ਜਾਣ ਸਰਬੰਦੀਆਂ ਨੂੰ,
ਸ਼ਾਦੀ, ਗਮੀ ਨਾਹੀ ਸਿੰਘ ਚਾਰ ਹੋਸਨ।
ਕਾਹਲਾ ਸਿੰਘ ਫਰੰਗੀ ਦੇ ਰਾਜ ਅੰਦਰ,
ਬ੍ਰਿਧ,ਜੁਆਨ ਸਿੰਘ ਕੂਕੇ ਫਰਾਰ ਹੋਸਨ।੬।

ਸ੍ਰੀ ਗਰੰਥ ਦਾ ਪਾਠ ਨਾ ਕਰਨ ਦੇਂਦੇ,
ਭੋਗ ਪਾਣ ਜਾਂ ਸਿੰਘ ਬੁਲਾਨ ਕੂਕੇ।
ਜਨਮੇ ਬਾਲਕ ਬਾਲਕੀ ਕੂਕਿਆਂ ਦੇ,
ਜਨਮ ਸੰਸਕਾਰ ਅੰਮ੍ਰਿਤ ਛਕਾਨ ਕੂਕੇ।
ਗੁਰ ਰੀਤ ਨਾ ਸਿੰਘਾਂ ਨੂੰ ਕਰਨ ਦਿੰਦੇ,
ਚੌਂਕੀਦਾਰ ਬਾਹਮਣ ਜੀ ਸਤਾਨ ਕੂਕੇ।
ਢੋਲਕ ਛੈਣੇ ਵਜਾਣ ਨਾ ਸਿੰਘ ਕੂਕੇ,
ਕਰਨ ਰਾਤ ਨੂੰ ਨਹੀਂ ਦੀਵਾਨ ਕੂਕੇ।



Sri Satguru Jagjit Singh Ji E-Library Namdhari Elibrary@gmail.com

ਖੇਤ, ਬੰਨੇ, ਜੰਗਲ ਜਾਣ ਫਕਨ ਗੜਵੇ,
ਨੰਬਰਦਾਰ ਰਖਣ ਵਿਚ ਧਿਆਨ ਕੂਕੇ ।
ਜੰਗਲ ਜਾਣ ਵੇਲੇ ਚੌਕੀਦਾਰ ਪੁਛਦੇ,
ਕਿਧਰ ਜਾਂਵਦੇ ਤੁਸੀਂ ਬਲਵਾਨ ਕੂਕੇ ।
ਕਾਹਲਾ ਸਿੰਘ ਜੇ ਕਰ ਕੋਈ ਗਲ ਆਖੇ,
ਜਟ ਪਿੰਡਾਂ ਦੇ ਕਰਨ ਚਲਾਨ ਕੂਕੇ ।੭।

(ਤਥਾ)

ਰਪਟ ਦੇਣ ਜਾਵੇ ਇਕ ਸਿੰਘ ਠਾਣੇ,
ਠਾਣੇਦਾਰ ਸੀ ਪਕੜ ਬਹਾ ਲੈਂਦੇ ।
ਅਵਾਂ ਤਵਾਂ ਹੁਮਤੋ ਤੁਮਕੋ ਕਰਨ ਸਿੰਘ ਨੂੰ,
ਨਕਦ ਪੈਸਾ ਸੀ ਖੋਹ ਘੁਲਾ ਲੈਂਦੇ ।
ਜਿਸ ਸਿੰਘ ਦੇ ਪਾਸ ਨਾ ਹੋਣ ਪੈਸੇ,
ਸਿਪਾਹੀ ਪਕੜ ਓਹਦੀ ਪੱਗ ਲਾਹ ਲੈਂਦੇ ।
ਕਰੇ ਹੀਲ ਹੁਜਤ ਅਗੋਂ ਸਿੰਘ ਜੇਕਰ,
ਓਹਦੇ ਮੰਜੇ ਹੇਠ ਹਥ ਪਾ ਲੈਂਦੇ ।
ਠਾਣੇਦਾਰ ਸਿਪਾਹੀ ਬੈਠਣ ਮੰਜਿਆਂ ਤੇ,
ਕੂਕੇ ਸਿੰਘ ਦੀ ਰੜਕ ਮੁਕਾ ਲੈਂਦੇ ।
ਜੇਕਰ ਸਿੰਘ ਨੂੰ ਜਾਏ ਛੁਡਾਏ ਕੋਈ,
ਉਹਨੂੰ ਤੁਹਮਤਾਂ ਨਾਲ ਡਰਾ ਲੈਂਦੇ ।
ਕਾਹਲਾ ਸਿੰਘ ਠਾਣੇਦਾਰ ਬੁਰੀ ਕਰਦੇ,
ਕੈਦ ਕਰਨ ਤੇ ਬਾਹਮਣ ਅਗਵਾ ਲੈਂਦੇ ।੮।

Sri Satguru Jagjit Singh Ji Library Namdhari Library@gmail.com

# ਜ਼ਿਲਾ ਲੁਧਿਆਣੇ ਲੋਹਗੜ੍ਹ ਪਿੰਡ ਦੇ ਸ: ਅਤਰ ਸਿੰਘ ਤੇ ਅਖੰਡ ਪਾਠੀ ਸਿੰਘ ਕੈਦ

ਲੋਹਗੜ੍ਹ ਪਿੰਡ ਦਾ ਅਤਰ ਸਿੰਘ ਨਾਮਧਾਰੀ,
ਗਰੇਵਾਲ ਸੀ ਇਹ ਸਰਦਾਰ ਕੂਕਾ।
*ਬਿਕ੍ਰਮ ਉਨੀ ਸੈ ਕੱਤੀਏਂ ਸਾਲ ਅੰਦਰ,
ਪੁਤਰ ਜਨਮਿਆਂ ਘਰ ਸ਼ਿੰਗਾਰ ਕੂਕਾ।

---

*ਪਾਠੀ ਸਿੰਘ–ਸੰਤ ਹਰਨਾਮ ਸਿੰਘ ਜੀ ਭੈਂਮਾਂ ਵਾਲੀ ਰਿ: ਸੰਗਰੂਰ। ਬਾਬਾ ਰਾਏ ਸਿੰਘ ਖਟੜੇ, ਜ਼ਿਲਾ ਲੁਧਿਆਣਾ। ਬਾਬਾ ਝੰਬਾ ਸਿੰਘ ਜੀ ਖੇੜਾ, ਜ਼ਿਲਾ ਲੁਧਿਆਣਾ। ਸ: ਮਹਿਤਾਬ ਸਿੰਘ ਜੀ ਜਰਗ। ਬਾਬਾ ਕਾਹਨ ਸਿੰਘ ਜੀ ਪੰਧੀ ਜ਼ਿਲਾ ਲੁਧਿਆਣਾ।
(ਤਿੰਨ ਤਿੰਨ ਸਾਲ ਕੀਤੇ ਗਏ)

ਧੂਪੀਏ–ਲਾਲ ਸਿੰਘ ਜੀ, ਸਿਆੜ ਜ਼ਿਲਾ ਲੁਧਿਆਣਾ। ਬਾਬਾ ਵਸਾਵਾ ਸਿੰਘ ਸਿਆੜ, ਜ਼ਿਲਾ ਲੁਧਿਆਣਾ। ਅਮਰ ਸਿੰਘ ਜੀ ਸਿਆੜ, ਜ਼ਿਲਾ ਲੁਧਿਆਣਾ। ਟਿਕਾ ਹੀਰਾ ਸਿੰਘ ਜੀ ਮੂੰਡੀਆਂ ਜ਼ਿਲਾ ਲੁਧਿਆਣਾ। (ਛੇ ਛੇ ਮਹੀਨੇ ਕੈਦ)

ਪੈਹਰੂ–ਭਾਈ ਚੜਤ ਸਿੰਘ ਜੀ ਮਹਿਮਾਂ ਸਿੰਘ ਵਾਲਾ। ਬਾਬਾ ਬਦਨ ਸਿੰਘ ਜੀ ਮੰਗੇਵਾਲ ਜ਼ਿਲਾ ਲੁਧਿਆਣਾ।
(ਤਿੰਨ ਤਿੰਨ ਮਹੀਨੇ ਕੈਦ)

ਕਾਹਨ ਸਿੰਘ ਜੀ ਲਾਂਗਰੀ ਰੁੜਕਾ ਜ਼ਿਲਾ ਲੁਧਿਆਣਾ। ਪੰਡਤ ਬਰਮਾ ਸਿੰਘ ਜੀ ਲਾਂਗਰੀ।
(ਦੋ ਦੋ ਮਹੀਨੇ ਕੈਦ ਕੀਤੇ ਅਖੰਡ ਪਾਠ ਕਰਨ ਬਦਲੇ)

ਬਿਕ੍ਰਮੀ ੧੯੩੧ ਵਿਚ ਪਾਠ ਕਰੌਣ ਵਾਲੇ ਸਰਦਾਰ ਅਤਰ ਸਿੰਘ ਨੂੰ ਪੰਜ ਸਾਲ ਕੈਦ ਹੋਈ ਪਰ ਓਸਨੂੰ ਤਸ਼ੱਦਤਾਂ ਜੇਹਲ ਵਿਚ ਕਰਨ ਕਰਕੇ ਸ਼ਹੀਦ ਕਰ ਦਿਤਾ। ੧੯੩੧ ਫਗਣ ੧



Sri Satguru Jagjit Singh Ji eLibrary    NamdhariElibrary@gmail.com

ਪੰਜ ਓਸ ਨੇ ਅਖੰਡ ਸੀ ਪਾਠ ਤੋਰੇ,
ਇਜਾਜਤ ਠਾਣੇ ਤੋ ਲਵੇ ਵਿਚਾਰ ਕੂਕਾ।
ਇਕ ਪਾਠ ਦਾ ਭੋਗ ਸੀ ਪਾ ਦਿਤਾ,
ਪਾਠ ਦੂਸਰਾ ਕਰਨ ਉਚਾਰ ਕੂਕਾ।
ਗੌੜੀ ਰਾਗ ਅੰਦਰ ਪਾਠ ਸਿੰਘ ਕਰਦੇ,
ਮੁਕਬਰ ਮੁਕਬਰੀ ਦੀ ਦਿੰਦਾ ਸਾਰ ਕੂਕਾ।
ਲੁਧਿਆਣੇ ਬਾਰ ਬਟਨ ਪਾਸ ਜਾਕੇ,
ਪੁਲਸ ਕਪਤਾਨ ਨੂੰ ਕਹੇ ਪੁਕਾਰ ਕੂਕਾ।
ਕੂਕੇ ਸਿੰਘ ਮੰਤਰ ਕਰਨ ਤੁਸਾਂ ਉਤੇ,
ਰਾਜ ਕਰਨ ਅਰਦਾਸ ਜੋ ਵਾਰ ਕੂਕਾ।
ਨਾਲੇ ਹਵਨ ਕਰਕੇ ਚੰਡੀ ਵਾਰ ਪੜ੍ਹਦੇ,
ਕਢਣੇ ਕਹਿਣ ਅੰਗਰੇਜ਼ ਜੋ ਯਾਰ ਕੂਕਾ।
ਕੀਤੀ ਮੁਕਬਰੀ, ਮੁਕਬਰ ਸੀ ਜੋ ਸਿਹੁੰ ਨੇ,
ਜੋ ਦਰਗਾਹੀ ਕਾ ਸੀ ਨਾਮ ਸੰਸਾਰ ਕੂਕਾ।੯।

ਬਾਰ ਬਟਕ ਕਪਤਾਨ ਲੈ ਪੁਲਸ ਚੜ੍ਹਿਆ,
ਪੁਲਸ ਬਹੁਤ ਤੇ ਕਰੇ ਵਧੀਕੀਆਂ ਜੋ।
ਲੋਹਗੜ੍ਹ ਪਿੰਡ ਆ ਕੇ ਸਿੰਘ ਫੜੇ ਸਾਰੇ,
ਪਾਠੀ ਗਿਰਫਤਾਰ ਤੇ ਕਰੇ ਕੁਰੀਤੀਆਂ ਜੋ।
ਪੰਜ ਪਾਠੀ ਫੜੇ ਪੰਜ ਧੁਪੀਏ ਵੀ,
ਪੈਹਰੂ ਲਾਂਗਰੀ ਚਾਰ ਨੇ ਬੀਤੀਆਂ ਜੋ।
ਅਤਰ ਸਿੰਘ ਸਰਦਾਰ ਗਿਰਫਤਾਰ ਕੀਤਾ,
ਫੜ ਸਿੰਘਾਂ ਤਾਈਂ ਕੈਦਾਂ ਕੀਤੀਆਂ ਜੋ।੧੦।
(ਤਥਾ)
ਹਥਕੜੀਆਂ ਪੈਰਾਂ 'ਚ ਬੇੜੀਆਂ ਪਾ,
ਜੇਹਲ ਲੁਧਿਆਣੇ ਸੀ ਚਲਾਨ ਕੀਤਾ।
੧੩.

Sri Satguru Jagjit Singh Ji E Library Namdhari Elibrary@gmail.com

†ਮੁਕੱਦਮਾ ਸਿੰਘਾਂ ਤੇ ਕਾਇਮ ਗੋਰਿਆਂ ਨੇ,
ਬਿਨਾਂ ਤਿਲਾਂਹ ਤੇ ਪਾਠ ਕਿਉਂ ਆਨ ਕੀਤਾ।
ਰਾਜ ਹਿੰਦ ਵਿੱਚੋਂ ਜਾਵੇ ਫਰੰਗੀਆਂ ਦਾ,
ਅਰਦਾਸਾ ਤੁਸਾਂ ਕਿਉਂ ਹੈ ਫੁਰਮਾਨ ਕੀਤਾ।
ਅਦਾਲਤ ਗੋਰਿਆਂ ਦੀ ਮੈਜਿਸਟਰੇਟ ਗੋਰਾ,
ਮਿਸਲ ਕੈਦ ਦੀ ਲਿਖ ਬਿਆਨ ਕੀਤਾ।੧੧।

(ਤਥਾ)

ਤਿੰਨ ਤਿੰਨ ਸਾਲ ਕੈਦ ਪਾਠੀ ਸਿੰਘ ਪੰਜੇ,
ਛੇ ਛੇ ਮਾਹ ਪੰਜ ਧੂਪੀਏ ਸਿੰਘ ਸਾਰੇ।
ਪੈਹਰੂ ਲਾਂਗਰੀ ਸਿੰਘਾਂ ਨੂੰ ਕੈਦ ਕੀਤਾ,
ਛੇ ਛੇ ਮਹੀਨੇ ਸੀ ਜਾਂਵਦੀ ਹਿੰਦ ਸਾਰੇ।
ਅਤਰ ਸਿੰਘ ਸੀ ਪਾਠ ਕਰਾਉਣ ਵਾਲਾ,
ਕਾਨੂੰਨ ਉਸਤੇ ਕੀਤਾ ਪ੍ਰਸਿੱਧ ਸਾਰੇ।
ਪੰਜ ਸਾਲ ਦੀ ਉਸ ਨੂੰ ਕੈਦ ਕੀਤੀ,
ਆਸ ਪਾਸ ਦੇ ਜਾਣਦੇ ਪਿੰਡ ਸਾਰੇ।
ਕਾਹਲੋਂ ਸਿੰਘ ਮੇਰਾ ਪਿੰਡ ਹੈ ਨੇੜੇ,
ਕਰਨ ਲੋਕ ਗੱਲਾਂ ਜੋ ਮਨਿੰਦ ਸਾਰੇ।੧੨।

(ਵਾਕ ਕਵੀ)

ਨਾਮਧਾਰੀ ਸਿੰਘ ਕੀਤੇ ਬਹੁਤ ਦੁਖੀ,
ਮੁਖਬਰ ਬਾਹਮਣਾਂ ਕਰੇ ਲਾਚਾਰ ਚੁਕੇ।
ਜਿਹੜੇ ਬਾਪ ਨਾ ਦਾਦਾ ਸੀ ਨਾਮਧਾਰੀ,
ਕਹਿਣ ਵਿਚ ਠਾਣੇ ਨੰਬਰਦਾਰ ਚੁਕੇ।

---

† ਜਿਹੜਾ ਅਦਾਲਤੀ ਠਾਣੇ ਤੇ ਕਾਗਜ਼ ਲਿਆ ਸੀ ਓਹ ਪੁਲਸ ਕਪਤਾਨ ਬਾਰ ਬਟਨ ਨੇ ਸਿੰਘਾਂ ਤੋਂ ਲੈਕੇ ਪਾੜ ਦਿਤਾ ਸੀ।



Sri Satguru Jagjit Singh Ji E Library    Namdhari Elibrary@gmail.com

ਓਹਨੂੰ ਪਕੜਕੇ ਮੁਸ਼ਕਾਂ ਸੀ ਬੰਨ੍ਹ ਲੈਂਦੇ,
ਨੰਬਰਦਾਰ ਚੌਂਕੀਦਾਰ ਜ਼ੈਲਦਾਰ ਕੂਕੇ।
ਕੰਮੀ ਕੂਕੇ ਸਿੰਘ ਸਿਦਕ ਨੂੰ ਹਾਰ ਬੈਠੇ,
ਜ਼ਾਲਮ ਜ਼ੁਲਮ ਕਰ ਕਰਨ ਖ਼੍ਵਾਰ ਕੂਕੇ।੧੩।

(ਤਥਾ)

ਨੰਬਰਦਾਰਾਂ ਨੇ ਸਿੰਘਾਂ ਨੂੰ ਤੰਗ ਕੀਤਾ,
ਠਾਣੇ ਪਕੜਾਏ ਕਰਨ ਗਲਾਂ ਖੋਟੀਆਂ ਜੀ।
ਨਾਈ, ਝਿਊਰ, ਛੀਂਬੇ ਤੇ ਲੁਹਾਰ ਕੂਕੇ,
ਕਛਾਂ ਲਾਹ ਕੇ ਪੌਣ ਲੰਗੋਟੀਆਂ ਜੀ।
ਕਈਆਂ ਜੱਟਾਂ ਨੇ ਮੂੰਹ ਭਵਾ ਲਿਆ,
ਮੁੰਨੇ ਸਿਰ ਤੇ ਰਖੀਆਂ ਚੋਟੀਆਂ ਜੀ।
ਕਾਹਲਾ ਸਿੰਘ ਬੇ-ਸਿਦਕ ਸੀ ਕਈ ਹੋਏ,
ਅਖਾਂ ਨਾਲ ਵੇਖੇ ਖਾਂਦੇ ਬੋਟੀਆਂ ਜੀ।੧੪।

## ਫਰੀਦਕੋਟ ਦੀ ਰਿਆਸਤ ਦੇ ਨਾਮਧਾਰੀਆਂ ਦੀ ਕਥਾ

ਕੱਲ ਕਾਤੀ ਰਾਜੇ ਕਾਸਾਈ ਧਰਮ ਪੰਖ ਕਰ ਉਡਰਿਆ

ਹਮੀਰ ਸਿੰਘ ਰਾਜੇ ਫਰੀਦਕੋਟ ਦੇ ਨੇ,
ਓਹਨੇ ਕਰੇ ਕੂਕੇ ਗਿਰਫਤਾਰ ਸਾਰੇ।
ਬਾਲ, ਬਚੇ ਤੇ ਔਰਤਾਂ ਸਿੰਘ ਪਕੜੇ,
ਜੇਹਲ ਅੰਦਰ ਸੀ ਕੀਤੇ ਪਰਵਾਰ ਸਾਰੇ।
ਦਿਨ ਤਿੰਨ ਨਾ ਖਾਣ ਨੂੰ ਅੰਨ ਦਿਤਾ,
ਬਚੇ ਦੁਖੀ ਰੋਂਦੇ, ਧਾਹਾਂ ਮਾਰ ਸਾਰੇ।
੧੫.

Sri Satguru Jagjit Singh Ji eLibrary Namdhari Elibrary@gmail.com

ਜੇਹਲ ਵਿਚ ਰਾਜਾ ਗਿਆ ਪਾਸ ਸਿੰਘਾਂ,
ਸੱਦ ਆਖਦਾ ਨਾਲ ਹੰਕਾਰ ਸਾਰੇ।
ਕਹਿੰਦਾ ਸਿੰਘਾਂ ਨੂੰ ਬੋਕੇ ਦਾ ਪੀਵੋ ਪਾਣੀ,
ਕੂਕ ਪੁਣਾ ਦੇਵੋ ਦੂਰ ਭਾਰ ਸਾਰੇ।
ਸਿੱਧਾ ਸਾਫਾ ਲਾਹੋ ਕਢ ਉੱਨ ਮਾਲਾ,
ਛਡੋ ਕੂਕ ਮੰਤਰ ਨੂੰ ਵਿਸਾਰ ਸਾਰੇ।
ਮੰਨੋ ਸ਼ਰਤ ਮੇਰੀ ਮੇਰੇ ਰਾਜ ਅੰਦਰ,
ਕਰੋ ਕੰਮ ਤੇ ਆਪਣੀ ਕਾਰ ਸਾਰੇ।
ਕਾਹਲਾ ਸਿੰਘ ਏਹ ਆਖ ਕੇ ਜੇਹਲ ਅੰਦਰ,
ਅਗੋਂ ਦੁਖੀ ਕਰਦੇ ਅਹਿਲਕਾਰ ਸਾਰੇ।੧੫।

## ਸਿੰਘਾਂ ਦਾ ਜੇਹਲ ਵਿਚ

ਬਾੜੇ ਟਰਾਕੇ ਦਾ ਕਾਹਨ ਸਿੰਘ ਨਾਮਧਾਰੀ,
ਪਰੇਮ ਕੌਰ ਸਿੰਘਣੀ ਗਿਰਫਤਾਰ ਹੈਸਨ।
ਚਨਣ ਸਿੰਘ ਪੁਤਰ ਸੋਲਾ ਸਿੰਘ ਸਾਰੇ,
ਸਿਧੂ ਗੋਤ ਦੇ ਕੂਕੇ ਸਰਦਾਰ ਹੈਸਨ।
ਬਾਜੇ ਖਾਨੇ ਦੇ ਸਿੰਘ ਸੀ ਸੱਤ ਓਥੇ,
ਕਾਹਨ ਸਿੰਘ ਜਥੇਦਾਰ ਹੈਸਨ।
ਬਾਜੇ ਖਾਨੇ ਤੋਂ ਸਿੰਘ ਨੇ ਪੰਜ ਆਏ,
ਕੂਕੇ ਸਿੰਘ ਸਿਦਕੀ ਤਿਆਰ ਹੈਸਨ।
ਦੇਵਾ ਸਿੰਘ,ਇੰਦਰ ਸਿੰਘ,ਮਤਾਬਸਿੰਘ ਜੀ,
ਭੋਲਾ ਸਿੰਘ ਜੀ ਜਾਤ ਸੁਨਿਆਰ ਹੈਸਨ।
ਸੋਣ ਸਿੰਘ ਕੋਟ ਕਪੂਰੇ ਦੇ ਰਹਿਣ ਵਾਲੇ,
ਜੱਟ ਸਿੰਘ ਤੇ ਦੁਕਾਨਦਾਰ ਹੈਸਨ।
ਪੰਥੀ ਸਿੰਘ ਸਾਰੇ ਜੇਹਲ ਵਿਚ ਕੀਤੇ,
ਪੰਜ ਸਿੰਘਣੀਆਂ ਨਾਲ ਪ੍ਰਵਾਰ ਹੈਸਨ।੧੬।



Sri Satguru Jagjit Singh Ji eLibrary Namdhari Elibrary@gmail.com

(ਤਥਾ)

ਤਿੰਨ ਦਿਨ ਬੀਤੇ ਭੁਖੇ ਵਿਡ ਖਾਲੀ,
ਪਾਣੀ ਦਿਤਾ ਨਾ ਸਿੰਘ ਤਿਹਾਏ ਵੇਖੋ।
ਪੁਲਸ ਨੰਗੀ ਤਲਵਾਰ ਦੇ ਸੀ ਪਹਿਰੇ,
ਬਚੇ ਰੋਣ ਤੇ ਦੁਖੀ ਕੁਰਲਾਏ ਵੇਖੋ।
ਪਾਣੀ ਪੀਣ ਜਾਂਦੇ ਢਾਬ ਸੀ ਭਰੀ ਪਾਣੀ,
ਦਿਨ ਤੀਸਰੇ ਚਲਕੇ ਆਏ ਵੇਖੋ।
ਕਾਹਲਾ ਸਿੰਘ ਜ਼ਾਲਮ ਬੇ-ਤਰਸ ਰਾਜਾ,
ਦੁਖੀ ਸਿੰਘ ਨੇ ਬੜੇ ਸਤਾਏ ਵੇਖੋ।੧੭।

## ਰਾਜੇ ਹਮੀਰ ਸਿੰਘ ਨੇ ਜੇਹਲ ਵਿਚ ਸਿੰਘਾਂ ਨੂੰ ਆਖਣਾ

ਅਹਿਲਕਾਰ ਵਜ਼ੀਰ ਸੀ ਨਾਲ ਰਾਜੇ,
ਕਹੇ ਸਿੰਘਾਂ ਨੂੰ ਬਣ ਜਾਓ ਸੂਤ ਹੁਣ ਤੇ।
ਕੂਕ ਪੁਣਾ ਛਡੋ ਸੁਚ ਸੋਧ ਛਡੋ,
ਬੁਕ ਮੰਤਰ ਛਡੋ ਕਡੋ ਭੂਤ ਹੁਣ ਤੇ।
ਗੁਰੂ ਬਾਰਵਾਂ ਆਖੋ ਨਾ ਰਾਮ ਸਿੰਘ ਨੂੰ,
ਦਸਮੇਂ ਗੁਰੂ ਦਾ ਮੰਨੋ ਕਲਬੂਤ ਹੁਣ ਤੇ।
ਕਿਉਂ ਔਰਤਾਂ ਪਾਂਦੀਆਂ ਤੇੜ ਕੱਛਾਂ,
ਮਗਰ ਲਗੇ ਤਿਖਾਣ ਦੇ ਊਤ ਹੁਣ ਤੇ।
ਕਾਹਲਾ ਸਿੰਘ ਰਾਜਾ ਕਹੇ ਸਿੰਘਾਂ ਤਾਈਂ,
ਪੀਤਾ ਰਾਮਸਿੰਘ ਦਾ ਕਢੋ ਮੂਤ ਹੁਣ ਤੋ।੧੮।



Sri Satguru Jagjit Singh Ji eLibrary Namdhari Elibrary@gmail.com

# ਸਾ: ਕਾਹਨਸਿੰਘ ਬਾਜੇ ਵਾਲੇ ਨੇ ਰਾਜੇਨੂੰ ਆਖਣ

ਬਾਜੇ ਪਿੰਡ ਦਾ ਸਿੰਘ ਦਲੇਰ ਹੈਸੀ,
ਕਾਹਨ ਸਿੰਘ ਜੀ ਕਹੇ ਪੁਕਾਰ ਬੁਚੜ।
ਕਰੇਂ ਨਿੰਦਿਆਤੂੰ ਸਤਿਗੁਰੂ ਰਾਮ ਸਿੰਘਦੀ,
ਧਿਰਗ ਜਨਮ ਤੇਰਾ ਵਾਰ ਵਾਰ ਬੁਚੜ।
ਅੰਮ੍ਰਿਤ ਗੁਰੂ ਦੇ ਨੂੰ ਕਹੇਂ ਮੂਤ ਪਾਪੀ,
ਛਿਤਰ ਮਾਰਾਂ ਮੈਂ ਤੇਰੇ ਹਜ਼ਾਰ ਬੁਚੜ।
ਪਕੜੇ ਬੇਗੁਨਾਹੇ ਤੂੰ ਸਿੰਘ ਦੁਸ਼ਟਾ,
ਕੜੀਆਂ ਬੇੜੀਆਂ ਦਿਤੀਆਂ ਮਾਰ ਬੁਚੜ।
ਖੁਲ੍ਹਾ ਹੁੰਦਾ ਪਤਾ ਮੈਂ ਸਾਰਾ ਦਸ ਦਿੰਦਾ,
ਮੂੰਹ ਵਿਚ ਪੌਂਦਾ ਮੈਂ ਛਾਰ ਬੁਚੜ।
ਸਿਖੀ ਸਿਦਕ ਸਾਡਾ ਅਸੀਂ ਹਾਂ ਸਿੰਘ ਪਕੇ,
ਕਿਉਂ ਰਿਹਾ ਪਾਪੀ ਦੁਖ ਮਾਰ ਬੁਚੜ।
ਕਾਹਨ ਸਿੰਘ ਦੇ ਸੁਣਕੇ ਸੁਖਨ ਮੂੰਹੋਂ,
ਰਾਜਾ ਉਠਿਆ ਨਾਲ ਹੰਕਾਰ ਬੁਚੜ।
ਇਕ ਸਾਲ ਦੀ ਕਾਹਨ ਸਿੰਘ ਕੈਦ ਕੀਤਾ,
ਪੈਰੀਂ ਬੇੜੀਆਂ ਪਾ ਮਕਾਰ ਬੁਚੜ।
*ਸਿੰਘ ਛਡ ਦਿਤੇ ਸਾਰੇ ਗਏ ਘਰ ਨੂੰ,

---

*ਸ: ਕਾਹਨ ਸਿੰਘ ਵਿਲੋਂ ਸਰਦਾਰ ਸੀ ਜਿਸਦਾ ਸਦਾ ਵਰਤ ਲੰਗਰ ਬਿਕ੍ਰਮ ੧੯੩੫ ਤੋਂ ਅਰੰਭ ਹੋਕੇ ਬਿਕ੍ਰਮ ੧੯੫੬ ਕਾਲ ਵਿਚ ਲੰਗਰ ਅਤੁਟ ਵਰਤਿਆ ਇਸੇ ਸਿਦਕੀ ਸਿੰਘ।

ਸੁਜਾਨ ਸਿੰਘ ਕੂਕਾ ਸ਼ਿਧੂ। ਹੀਰਾ ਸਿੰਘ ਗਿਲ ਗੋਤ। ਸਮੁੰਦ ਸਿੰਘ ਮਾਂਗਟ ਗੋਤ ਦਾ ਸੀ ਹੋਰ ਦਸਾਂ ਸਿੰਘਾਂ ਨੂੰ ਛਡ ਦਿਤਾ।

ਸ: ਕਾਹਨਸਿੰਘ ਨੂੰ ੧ ਸਾਲ ਕੈਦ ੫੦੦ ਰੁਪਿਆਂ ਜੁਰਮਾਨਾ ਕੀਤਾ ਫਰੀਦ ਕੋਟ ਦੇ ਰਾਜੇ ਨੇ। (ਬਾਕੀ ਅਗਲੇ ਸਫੇ ਤੇ)



Sri Satguru Jagjit Singh Ji eLibrary Namdhari Elibrary@gmail.com

ਨਜ਼ਰਬੰਦ ਕੀਤੇ ਜੱਥੇਦਾਰ ਬੁਚੜ।
ਕਾਹਲਾ ਸਿੰਘ ਮਚਲਕੇ ਲਏ ਸਭ ਦੇ,
ਫਰੀਦਕੋਟ ਫਰੰਗੀ ਦਾ ਯਾਰ ਬੁਚੜ।

## ਰਿਆਸਤ ਸੰਗਰੂਰ ਦਾ ਰਾਜਾ ਰਘਬੀਰ ਸਿੰਘ ਤੇ ਨਾਮਧਾਰੀ ਸਿੰਘ

ਬਿਕ੍ਰਮ ਉਨੀ ਸੌ ਵਿਚ ਅਠਾਈਏ ਦੇ,
ਰਾਜਾ ਆਖਦਾ ਏ ਕਰਮਚਾਰੀਆਂ ਨੂੰ।
ਔਰਤ ਮਰਦ ਬਾਲਕ ਬਿਰਧ ਸਭ ਪਕੜੋ,
ਪਿੰਡ ਪਿੰਡ ਸਾਰੇ ਨਾਮਧਾਰੀਆਂ ਨੂੰ।
ਬਾਗੀ ਪੰਥ ਕੂਕਾ ਪੰਥ ਕਢ ਦੇਣਾ,
ਕਰੋ ਸਿਖ ਸਚੇ ਨਰ ਨਾਰੀਆਂ ਨੂੰ।
ਕਾਹਲਾ ਸਿੰਘ ਠਾਣੇਦਾਰ ਜਾਣ ਪਿੰਡੀਂ,
ਕੂਕੇ ਸਿੰਘ ਪਕੜਨ ਸੰਗੀ ਸਾਰੀਆਂ ਨੂੰ।੨੦।

(ਤਥਾ)

ਸਿੰਘ ਗਏ ਪਕੜੇ ਤੇ ਰਾਜੇ ਪਾਸ ਆਂਦੇ,
ਰਾਜਾ ਕਹੇ ਹੈ ਰਾਜ ਸੰਗਰੂਰ ਮੇਰਾ।
ਕੂਕਾ ਪੰਥ ਨੂੰ ਛਡ ਦਿਓ ਤੁਸੀਂ ਸਾਰੇ,
ਮੇਰਾ ਹੁਕਮ ਤੇ ਹੈ ਦਸਤੂਰ ਮੇਰਾ।
ਛਡੋ ਰੀਤ ਤੁਸੀਂ ਕੂਕੇ ਪੰਥ ਵਾਲੀ,
ਸੁਖਨ ਸਖਤ ਹੈ ਮੰਨੋ ਜਰੂਰ ਮੇਰਾ।

---

(ਪਿਛਲੇ ਸਫੇ ਦੀ ਬਾਕੀ)

ਸ: ਕਾਹਨ ਸਿੰਘ ਜੀ ਬਿਕ੍ਰਮ ੧੯੫੭ ਵਿਚ ਲੇਖਕ ਨੂੰ ਨੋਟ ਕਰਾਏ ਤੇ ੧ ਸੌਣ ਦੇ ਅੰਮ੍ਰਿਤ ਵੇਲੇ ਅਸ਼ਨਾਨ ਕਰਕੇ ਮਾਲਾ ਫੇਰਦੇ ਹੀ ਦੇਹ ਛਡ ਸਚਖੰਡ ਜਾ ਵਸੇ।



Sri Satguru Jagjit Singh Ji E-library Namdhari Elibrary@gmail.com

ਮੰਨੋ ਬਾਹਮਣਾਂ ਨੂੰ ਕਹੋ ਮਲੇਛ ਨਾਹੀਂ.
ਟੰਗਾ ਜਾਵੇ ਨਾਵੇ ਨਹੀਂ ਘੂਰ ਮੇਰਾ।
ਵਫਾਦਾਰ ਅੰਗਰੇਜ਼ ਸਰਕਾਰ ਬਣ ਜਾਓ,
ਬਾਗੀ ਕੂਕਾ ਰਾਜੋਂ ਕਰਾਂਗਾ ਦੂਰ ਮੇਰਾ।
ਕਿਹਾ ਸਿੰਘਾਂ ਨੇ ਅਸੀਂ ਨਾ ਸਿਦਕ ਛਡੀਏ,
ਅੰਮ੍ਰਿਤ ਖੰਡੇ ਨੂੰ ਲਾਜ ਨਾ ਲਾਵਣੀ ਹੈ।
ਕਾਹਲਾ ਸਿੰਘ ਹੁਕਮ ਸਤਿਗੁਰੂ ਰਾਮ ਸਿੰਘ ਦਾ,
ਸਿਖਿਆ ਓਸਦੀ ਨਹੀਂ ਭੁਲਾਵਣੀ ਹੈ।੨੧।

(ਤਥਾ)

ਬਾਲ ਬਚਾ ਤਿੰਨ ਸੌ ਜੇਹਲ ਅੰਦਰ,
ਰਾਜ਼ੇ ਕਿਹਾ ਜਵਾਬ ਸੁਣਾਵਦੇ ਕਿਉਂ।
ਨਵੀਂ ਰੀਤ ਸਿਖੀ ਥੋੜੀ ਰਾਮ ਸਿੰਘ ਜੀ,
ਅੰਮ੍ਰਿਤ ਔਰਤਾਂ ਤਾਈਂ ਛਕਾਂਵਦੇ ਕਿਉਂ।
ਅਨੰਦ ਰੀਤ ਥੋੜੀ ਨਵੀਂ ਤੋਰ ਦਿਤੀ,
ਕਛਾਂ ਔਰਤਾਂ ਤੇੜ ਪਵਾਂਵਦੇ ਕਿਉਂ।
ਝਟਕਾ ਮਾਸ ਦਾ ਖਾਵੋ ਤੇ ਪੀਵੋ ਸਿੰਘੋ,
ਸ਼ਰਾਬ ਪੀਣ ਤੇ ਤੁਸੀਂ ਸ਼ਰਮਾਂਵਦੇ ਕਿਉਂ।
ਮੁਸਲਮਾਨੀ ਕਲਾਮ ਕਿਉਂ ਕੰਨ ਦਸੋਂ,
ਸੰਤ ਖਾਲਸਾ ਪੰਥ ਬਤਾਂਵਦੇ ਕਿਉਂ।
ਨਾਲ ਢੋਲਕਾਂ ਛੈਣਿਆਂ ਕਰੋ ਜਲਸੇ,
ਮਰਦ ਔਰਤਾਂ ਸ਼ਬਦਾਂ ਨੂੰ ਗਾਂਵਦੇ ਕਿਉਂ।
ਛਡੋ ਪੰਥ ਕੂਕਾ ਅਤੇ ਰਹਿਤ ਕੂਕਾ,
ਦਸਵੇਂ ਗੁਰੂ ਦੀ ਰੀਤ ਮਨਜ਼ੂਰ ਕਰ ਲੌ।
ਕਾਹਲਾ ਸਿੰਘ ਮੈਂ ਜਪਤਾਂ ਜਮੀਨ ਥੋੜੀ,
ਬਾਗੀਪੁਣਾ ਕਢਾਂ ਮੇਰਾ ਦਸਤੂਰ ਕਰਲੌ।੨੨।



Sri Satguru Jagjit Singh Ji eLibrary NamdhariElibrary@gmail.com

(ਤਥਾ)

ਕੂਕੇ ਸਿੰਘ ਨਾ ਵਸਣ ਮੈਂ ਦੇਵਾਂ,
ਰਾਜਾ ਕਹਿ ਗਿਆ ਸੀ ਜ਼ਬਾਨ ਵਿਚੋਂ।
ਰਘਬੀਰਸਿੰਘ ਕਿਹਾ ਅਹਿਲਕਾਰਾਂ ਤਾਈਂ,
ਕਰੋ ਤੰਗ ਜੇਹਲ ਅੰਦਰ ਜਾਨ ਵਿਚੋਂ।
ਮਾਫੀ ਮੰਗੇ ਜਿਹੜਾ ਓਹਨੂੰ ਛਡ ਦੇਵੋ,
ਲਿਖ ਓਸਦੇ ਲਵੋ ਬਿਆਨ ਵਿਚੋਂ।
ਕਾਹਲਾ ਸਿੰਘ ਨਾਮਧਾਰੀ ਸਿੰਘਾਂ ਦਾ ਸੀ ਵੈਰੀ,
ਦੋਸਤ ਫਰੰਗੀ ਦਾ ਹਿੰਦੁਸਤਾਨ ਵਿਚੋਂ।੨੩।

(ਵਾਕ ਕਵੀ)

ਚਾਰ ਦਿਨ ਸਿੰਘ ਸੀ ਤੰਗ ਕੀਤੇ,
ਚੌਥੇ ਦਿਨ ਸਭ ਛਡ ਪਿੰਡਾਂ 'ਚ ਵਾੜ ਦਿਤੇ।
ਓਹ ਆਪਣੇ ਆਪਣੇ ਗਏ ਪਿੰਡੀਂ,
ਨਜ਼ਰਬੰਦ ਕਰਕੇ ਹੁਕਮ ਚਾੜ ਦਿਤੇ।
ਦਿਨ ਪੰਦਰਾਂ ਬੀਤੇ ਸੀ ਜਦੋਂ ਦੇਖੋ,
ਕਹੇ ਮੁਕਬਰ ਦੇ ਸਿੰਘ ਸੀ ਤਾੜ ਦਿਤੇ।
ਭੰਮਾਂਬਦੀ ਤੋਂ ਪਕੜੇ ਸਿੰਘ ਕੂਕੇ,
ਇਕ ਸੌ ਦਸ ਗਿਣਤੀ ਜੋ ਬੇਰਾੜ ਦਿਤੇ।
ਦਿਨ ਤੀਸਰੇ ਓਹ ਵੀ ਛਡ ਦਿਤੇ,
ਸਿਧੂ ਗੋਤ ਦੇ ਸੀ ਸਰਦਾਰ ਕੂਕੇ।
ਕਾਹਲਾ ਸਿੰਘ ਪਕੜੇ ਰਾਜੇ ਵਾਰ ਤੀਜੀ,
ਭੰਮਾਂਬਦੀ ਦੇ ਬਸਣੇ ਹਾਰ ਕੂਕੇ।੨੪।

(ਤਥਾ)

ਰਾਜੇ ਅਹਿਲਕਾਰ ਨਾਲ ਵਜ਼ੀਰ ਆਏ,
ਸਿੰਘ ਜੇਹਲ ਵਿਚ ਸਾਰੇ ਪਾੜ੍ਹਾ ਦਿਤੇ।



Sri Satguru Jagjit Singh Ji E-library Namdhari Elibrary@gmail.com

ਕਛਾਂ ਲਾਹੋ ਜਾਵੋ ਤੁਸੀਂ ਅੱਜ ਘਰ ਨੂੰ,
ਸਿਪਾਹੀ ਆਖਕੇ ਸਿੰਘ ਪਕੜਾ ਦਿਤੇ।
ਕਹਿੰਦੇ ਪੀਵੋ ਹੁੱਕੇ ਤੁਸੀ ਛਡੋ ਸਿਖੀ,
ਤੱਤੀ ਰੇਤ ਸੇ ਪਿੰਡੇ ਸੀ ਸੜਾ ਦਿਤੇ।
ਕਾਹਲਾ ਸਿੰਘ ਨਾ ਸਿੰਘਾਂ ਸਿਦਕ ਹਾਰੇ,
ਪੈਰ ਸੜੇ ਤੇ ਸਰੀਰ ਕਕੜਾ ਦਿਤੇ।੨੫।

(ਤਥਾ)

ਰਾਜੇ ਛਡ ਦਿਤਾ ਕੱਢੇ ਜੇਹਲ ਵਿਚੋਂ,
ਤੁਰੇ ਆਂਵਦੇ ਵਿਚ ਬਜਾਰ ਦੇ ਜੀ।
ਪੁਲਸ ਆ ਕੀਤੇ ਗਿਰਫ਼ਤਾਰ ਸਾਰੇ,
ਆਖੇ ਲਗ ਕਰਕੇ ਠਾਣੇਦਾਰ ਦੇ ਜੀ।
ਕਿਹਾ ਸਿੰਘ ਜੀ ਰਾਜੇ ਦਾ ਹੁਕਮ ਇਹੋ,
ਕਛਾਂ ਲਾਹ ਜਾਵੋ ਘਰ ਬਾਰ ਦੇ ਜੀ।
ਮਾਫ਼ੀ ਮੰਗੋ ਛਡ ਦਿਓ ਪੰਥ ਕੂਕਾ,
ਹੁਕੇ ਪੀ ਜਾਵੋ ਜਾਂਦੀ ਵਾਰ ਦੇ ਜੀ।
ਕਾਹਲਾ ਸਿੰਘ ਕੀਤੇ ਸਿੰਘ ਤੰਗ ਓਹਨੇ,
ਸਿੱਦਕ ਹਾਰ ਗਏ ਪੁਤ੍ਰ ਲੁਹਾਰ ਦੇ ਜੀ।੨੬।

(ਤਥਾ)

ਤੇਰਾਂ ਸਿੰਘ ਲੁਹਾਰ ਤਰਖਾਣ ਹੈਸਨ,
ਕਛਾਂ ਲਾਹ ਕੇ ਹੁਕੀਆਂ ਪੀਤੀਆਂ ਜੀ।
ਬਾਕੀ ਸਿੰਘ ਸਿਦਕੀ ਰਹੇ ਸਿੱਦਕ ਅੰਦਰ,
ਓਹਨਾਂ ਨਾਲ ਵਰਤੀ ਦਸਣ ਬੀਤੀਆਂ ਜੀ।
ਬੇਸਿਦਕ ਤਿਖਾਣਾਂ ਨੂੰ ਵੱਖ ਕੀਤਾ,
ਠਾਣੇਦਾਰ ਨੇ ਕੁਰੀਤੀਆਂ ਕੀਤੀਆਂ ਜੀ।
ਦਾਹੜੀ ਮੁੰਨੀ ਅੱਸਾਂ ਮੂੰਹ ਕਰੇ ਕਾਲੇ,
ਗਧੇ ਚਾਹੜਕੇ ਬੇਸਿਦਕ ਸੀਤੀਆਂ ਜੀ।



Sri Satguru Jagjit Singh Ji eLibrary Namdhari Elibrary@gmail.com

ਠਾਣੇਦਾਰ ਨੇ ਜੁਤੀਆਂ ਗਲ ਪਾ ਕੇ,
ਵਿਚ ਬਜ਼ਾਰ ਦੇ ਫੇਰ ਕੇ ਛਡ ਦਿਤੇ।
ਲਖ ਲਾਣਤਾਂ ਦੇਣ ਬੇਸਿਦਕਿਆਂ ਨੂੰ,
ਸੰਗਰੂਰ ਸ਼ਹਿਰ ਦੇ ਵਿਚੋਂ ਕਢ ਦਿਤੇ।੨੭।

## ਤੀਜੀ ਵਾਰ ਸਿੰਘ ਤੇ ਸਰਦਾਰ ਸਾਹਬ ਸਿੰਘ ਨਰੈਣ ਕੌਰ ਗਿਰਫਤਾਰ ਕਰਨੇ

ਭੈਮਾਂਬਦੀ ਦੇ ਸਿੰਘ ਸਭ ਨਾਮਧਾਰੀ,
ਸਾਹਬ ਸਿੰਘ ਜਗੀਰ ਸੀ ਦਾਰ ਆਹਾ।
ਮਾਲਕ ਜਮੀਨ ਦਾ ਏਹ ਸੀ ਸਿੰਘ ਕੂਕਾ,
ਸਿਧੂ ਗੋਤ ਦਾ ਸੀ ਸਰਦਾਰ ਆਹਾ।
ਨਰੈਣ ਕੌਰ ਸਿੰਘਣੀ ਗ੍ਰਿਫਤਾਰ ਕੀਤੀ,
ਸਾਹਬ ਸਿੰਘ ਸਰਦਾਰ ਦੀ ਨਾਰ ਆਹਾ।
ਕਾਹਨ ਸਿੰਘ ਬਦਨ ਸਿੰਘ ਪਕੜ ਲਏ ਸੀ,
ਕੀਰਤਨ ਕਰਨ ਜੋ ਸ਼ਬਦ ਉਚਾਰ ਆਹਾ।
ਸਾਹਬ ਸਿੰਘ ਗਰੰਥੀ ਜੋ ਸਿੰਘ ਦਰਜ਼ੀ,
ਹਰਨਾਮ ਸਿੰਘ ਪੁਤ੍ਰ ਗਿਰਫਤਾਰ ਆਹਾ।
ਪੰਡਤ ਮਿਸਰਾ ਸਿੰਘ ਜੀ ਆਣ ਪਕੜੇ,
ਮਹਿਰੇ ਸਿੰਘ ਤਿਖਾਣ ਲੁਹਾਰ ਆਹਾ।
ਇਕ ਸੌ ਸਿੰਘ ਤੇਰਾਂ ਗਿਣਤੀ ਵਿਚ ਸਾਰੇ,
ਬਾਲ ਬਚੇ ਤੇ ਔਰਤਾਂ ਚਾਰ ਆਹਾ।
ਸੰਮਤ ਉਨੀ ਸੈ ਅਠਾਈ ਬਿਕ੍ਰਮ ਸੀ ਕਤਕ,
ਦਿਤੇ ਜੇਹਲ ਅੰਦਰ ਸਿੰਘ ਵਾੜ ਆਹਾ।
ਬਾਰਾਂ ਦਿਨ ਨਾ ਦਿਤਾ ਸੀ ਖਾਣ ਤਾਈਂ,
ਸਿੰਘ ਭੁਖੇ ਲਹੂਰ ਅਪਾਰ ਆਹਾ।
੨੩:

Sri Satguru Jagjit Singh Ji eLibrary Namdhari Elibrary@gmail.com

ਬਾਲਕ ਔਰਤਾਂ ਭੁਖੀਆਂ ਧਾ ਮਾਰਨ,
ਬਾਲਕ ਭੁਖੇ ਮਾਰਨ ਚੰਗਿਆਰ ਆਹਾ।
ਦਿਨ ਤੇਰਵੇਂ ਬਾਜਰੇ ਦਾ ਦੇਣ ਆਟਾ,
ਬੜੇ ਭੁਖੇ ਸੀ ਸਰੀਰ ਲਚਾਰ ਆਹਾ।
ਦਿਸੇ ਪਿੰਜਰੇ ਸੁਕ ਸਰੀਰ ਗਏ,
ਮਥੇ ਚਮਕਦੇ ਜਿਵੇਂ ਅੰਗਾਰ ਆਹਾ।
ਕਈਆਂ ਸਿੰਘਾਂ ਦੇ ਪੈਰਾਂ ਨੂੰ ਕਾਠ ਬੇੜੀ,
ਰਾਤ ਦਿਨ ਲਗੇ ਪਹਿਰੇਦਾਰ ਆਹਾ।
ਜਿਨ੍ਹਾਂ ਸਿੰਘਾਂ ਦੇ ਪੈਰਾਂ ਨੂੰ ਬੇੜੀਆਂ ਸੀ,
ਬੈਠਣ ਪੈਣ ਤੇ ਬੜੇ ਲਚਾਰ ਆਹਾ।
ਗਾਹਲਾਂ ਕਢਣ ਸਿਪਾਹੀ ਆਣ ਕਰ ਕੇ,
ਬੋਲ ਕਰਨ ਕਬੋਲ ਮਕਾਰ ਆਹਾ।
ਕਈਆਂ ਸਿੰਘਾਂ ਨੂੰ ਆਣ ਕੇ ਕੁਟਦੇ ਸੀ,
ਜੇਹਲ ਅਫਸਰ ਆਕੇ ਅਹਿਲਕਾਰ ਆਹਾ।
ਕੂਕੇ ਸਿੰਘ ਨਾ ਗਦਰ ਆ ਫੇਰ ਪਾਵਣ,
ਸਾਡੀ ਗੋਰੀ ਜੋ ਹੈ ਸਰਕਾਰ ਆਹਾ।
ਇਕ ਭੁਖ ਤੇ ਦੂਸਰੀ ਕੁਟ ਪੈਂਦੀ,
ਮਹੀਨਾ ਮਘਰ ਦਾ ਚੜ੍ਹਿਆ ਠਾਰ ਆਹਾ।
ਸਰੂਪ ਸਿੰਘ ਰਾਜੇ ਦਾ ਪੁਤ ਹੈਸੀ,
ਰਘਬੀਰ ਸਿੰਘ ਰਾਜਾ ਮੁਖਤਿਆਰ ਆਹਾ।
ਸ਼ਰਾਬ ਪੀ ਕੇ ਕੰਜਰੀ ਪਾਸ ਰਹਿੰਦਾ,
ਜ਼ਾਲਮ ਸਖਤ ਦਿਲ ਦਾ ਤੇ ਮਕਾਰ ਆਹਾ।
ਸਿੰਘਾਂ ਤਾਈਂ ਕੁਟਾਂਵਦਾ ਨੌਕਰਾਂ ਤੇ,
ਬੇਈਮਾਨ ਰਾਕਸ਼ ਬਦਕਾਰ ਆਹਾ।
ਸਿੰਘ ਭਜਨ ਕਰਦੇ ਬਾਣੀ ਪੜਨ ਗੁਰ ਦੀ,
ਸ਼ਬਦ ਪੜਦੇ ਬੋਲ ਕਰਾਰ ਆਹਾ।



Sri Satguru Jagjit Singh Ji E Library Namdhari Elibrary@gmail.com

'ਤੇਰਾ ਭਾਣਾ ਮੀਠਾ ਲਾਗੇ',
ਤੁਕ ਬੋਲਦੇ ਸੀ ਵਾਰ ਵਾਰ ਆਹਾ।
ਨਰੈਣ ਕੌਰ ਵੱਡੀ ਮਾਤਾ ਨਿਕਲ ਆਈ,
ਗਈ ਜੇਹਲ 'ਚ ਸੁਰਗ ਸੁਧਾਰ ਆਹਾ।
*ਕਾਹਲਾ ਸਿੰਘ ਰਾਜੇ ਨੇ ਜ਼ੁਲਮ ਕੀਤਾ,
ਤਾਂਹੀ ਲਿਖਦਾ ਕਲਮ ਪਸਾਰ ਆਹਾ।੨੮।

ਜਿਹੜੇ ਸਿਦਕ ਵਿਚ ਸਿੰਘ ਰਹੇ ਪਕੇ,
ਠਾਣੇਦਾਰ ਆਖੇ ਵਾਰ ਵਾਰ ਬਾਬਾ।
ਤੁਸੀਂ ਗੁਰੂ ਗੋਬਿੰਦ ਸਿੰਘ ਦੇ ਸਿੰਘ ਪਕੇ,
ਪੀਤੀ ਤੁਸਾਂ ਨੇ ਖੰਡੇ ਦੀ ਧਾਰ ਬਾਬਾ।
ਮੈਂ ਰਾਜੇ ਦੇ ਹੁਕਮ ਵਿਚ ਜੋ ਕੀਤਾ,
ਨੌਕਰ ਰਾਜੇ ਦਾ ਆਗਿਆਕਾਰ ਬਾਬਾ।
ਜਾਓ ਤੁਸੀਂ ਘਰ ਨੂੰ ਤੁਸੀਂ ਸਿੰਘ ਪਕੇ,
ਵਾ ਸਲਾਮ ਮੇਰੀ ਥੋਨੂੰ ਨਿਮਸਕਾਰ ਬਾਬਾ।
ਦਿਵਾਨ ਸਿੰਘ ਸਰਦਾਰ ਬਰਤੁਖਿਆਂ ਦਾ,
ਕੂਕਾ ਸਿੰਘ ਓਹ ਸੀ ਸਰਦਾਰ ਬਾਬਾ।
ਸਿੰਘ ਆਪਣੇ ਪਿੰਡ ਨੂੰ ਲੈ ਗਿਆ,
ਕਰੀ ਸੇਵਾ ਸੀ ਨਾਲ ਪਿਆਰ ਬਾਬਾ।
ਕਾਹਲਾ ਸਿੰਘ ਡੰਮਾਂਬਦੀ ਸਿੰਘ ਪੁਜੇ,
ਕਰਦੇ ਖੇਤੀ ਕਿਰਸਾਣੀਦੀ ਕਾਰ ਬਾਬਾ।੨੯।

---

*ਸਾਹਬ ਸਿੰਘ ਕਾਨ ਸਿੰਘ ਬਦਨ ਸਿੰਘ ਨੇ ਦਾਸ ਨੂੰ ਦਸਿਆ ਸੀ ਬਿਕ੍ਰਮ ੧੯੪੬ ਅੰਦਰ।



Sri Satguru Jagjit Singh Ji E Library    Namdhari Elibrary@gmail.com

## ਸ: ਸਾਹਿਬ ਸਿੰਘ ਦਾ ਰਾਜੇ ਦੇ ਗੁਰੂ ਰਘਬੀਰ ਸਿੰਘ ਨਾਲ ਰੌਲਾ

ਜਗੀਰਦਾਰ ਸਾਹਿਬ ਸਿੰਘ ਨਾਮਧਾਈ,
ਓਸ ਦਸਿਆ ਸੀ ਬਰਤੰਤ ਮੈਨੂੰ।
ਉਹ ਗਿਆ ਸ਼ਹਿਰ ਸੰਗਰੂਰ ਹੈਸੀ,
ਰਘਬੀਰ ਸਿੰਘ ਜੀ ਮਿਲੇ ਮਹੰਤ ਮੈਨੂੰ।
ਡੇਰੇ ਓਸ ਦੇ ਗਿਆ ਮੈਂ ਜਦੋਂ ਹੈਸੀ,
ਲਗੀ ਪਾਣੀ ਦੀ ਪਿਆਸ ਬੇਅੰਤ ਮੈਨੂੰ।
ਪਾਣੀ ਪੀਣ ਲਗਾ ਗੜਵਾ ਮਾਂਜ ਜਦੋਂ,
ਮੂੰਹ ਤੇ ਨਿਰਮਲਾ ਬੋਲਦਾ ਸੰਤ ਮੈਨੂੰ।
ਸਾਹਬ ਸਿੰਘ ਪਾਣੀ ਠੰਡਾ ਠਾਰ ਪੀਵੇ,
ਘੜੇ ਭਰੇ ਕੋਰੇ ਸਰਦ ਨੀਰ ਸਿੰਘਾ।
ਮੈਂ ਕਿਹਾ ਮੈਂ ਸੋਧ ਦਾ ਪੀਤਾ ਪਾਣੀ,
ਹਥੀਂ ਆਪਣੀ ਕਢਾਂ ਰਘਬੀਰ ਸਿੰਘਾ।੩੦।

(ਤਥਾ)

ਸੀ ਰਾਜੇ ਦਾ ਗੁਰੂ ਰਘਬੀਰ ਸਿੰਘ ਓਹ,
ਵਿਦਵਾਨ ਚੰਗਾ ਬੋਲ ਉਤ ਆਖੇ।
ਡੇਰੇ ਵਿਚੋਂ ਨਾ ਨਿਕਲਿਆ ਜਾਹਬ ਸਿੰਘਾ,
ਗੁਰੂ ਰਾਮ ਸਿੰਘ ਕੂਕੇ ਦਾ ਮੂਤ ਆਖੇ।
ਕੂਕਾ ਹੋਕੇ ਖਟਿਆ ਤੂੰ ਕੀ ਹੈ ਓਏ,
ਤੈਨੂੰ ਰਾਜੇ ਨਾ ਕੀਤਾ ਹੈ ਸੂਤ ਆਖੇ।
ਬਾਹਲਾ ਸਿੰਘ ਤੇਰੇ ਵਿਚ ਦਿਸਦਾ,
ਰਾਮ ਸਿੰਘ ਨੇ ਵਾੜਿਆ ਭੂਤ ਆਖੇ।੩੧।



Sri Satguru Jagjit Singh Ji E-Library Namdhari Elibrary@gmail.com

## ਸ: ਸਾਹਬ ਸਿੰਘ ਦਾ ਜਸ਼

ਸਿੰਘ ਜੋਸ਼ ਖਾਂਦਾ ਗੁਸਾ ਚੜ ਗਿਆ,
ਰਘਬੀਰ ਸਿੰਘ ਦੇ ਭੰਨ ਸੀ ਦੰਦ ਦਿਤੇ।
ਪਊਆ ਓਸਦਾ ਚਕ ਕੇ ਮਾਰ ਮੂੰਹ ਤੇ,
ਨੱਕ ਫੇਡ ਦਿਤੇ ਦੰਦ ਰੰਦ ਦਿਤੇ।
ਕਰੀ ਨਿੰਦਿਆ ਸੀ ਜਿਸ ਨਾਲ ਓਹਨੇ,
ਇਕ ਪਲਕ ਅੰਦਰ ਬਦਲ ਰੰਗ ਦਿਤੇ।
ਕਾਹਲਾ ਸਿੰਘ ਸਾਹਬ ਸਿੰਘ ਦੌੜ ਗਿਆ,
ਇਕ ਦੋ ਹੋਰ ਸਾਥੀ ਓਥੇ ਫੇਡ ਦਿਤੇ।੩੨।
ਸਿੰਘ ਹਥ ਪੁਲਸ ਦੇ ਸੀ ਨਾ ਆਇਆ,
ਰਾਜੇ ਜਬਤ ਕੀਤਾ ਘਰ ਬਾਰ ਸਾਰਾ।
ਜ਼ਮੀਨ ਜਬਤ ਕੀਤੀ ਇਕ ਸੌ ਬੀਸ ਏਕੜ,
ਜਲਾਵਤਨੀ ਕਰ ਹੁਕਮ ਸਰਕਾਰ ਸਾਰਾ।
ਪਿਨਸ਼ਨ ਜਬਤ ਕੀਤੀ ਸੀ ਜਗੀਰ ਸਾਰੀ,
ਛਡਿਆ ਪਿੰਡ ਤੇ ਸਿਧੂ ਪਰਵਾਰ ਸਾਰਾ।
*ਲੋਹਗੜ ਪਿੰਡ ਵਿਚ ਆਂ ਨਿਵਾਸ ਕੀਤਾ,

---

*ਸ: ਸਾਹਬ ਸਿੰਘ ਜੀ ਇਕ ਸੌ ਵੀਹ ਏਕੜ ਜ਼ਮੀਨ ਦੇ ਮਾਲਕ ਸਨ। ਜੋ ਰਾਜੇ ਸੰਗਰੂਰ ਵਾਲੇ ਨੇ ਜ਼ਬਤ ਕਰ ਦਿਤੀ ਜੈਦਾਤ ਭੰਮਾਂ ਵਾਲੀ, ਸੰਗਰੂਰ ਤੋ ੪ ਮੀਲ ਹੈ, ਸਾਹਬ ਸਿੰਘ ਜੀ ਲੋਹਗੜ੍ਹ ਜ਼ਿਲਾ ਲੁਧਿਆਣਾ ਦੇ ਸਰਦਾਰ ਕਿਸ਼ਨ ਸਿੰਘ ਨਾਮਧਾਰੀ ਦੇ ਖੇਤ ਵਿਚ ਨਿਵਾਸ ਰਖਦੇ ਸਨ ਕਿਸ਼ਨ ਸਿੰਘ ਦੀ ਸਿੰਘਣੀ ਮਾਈ ਮਤਾਬ ਕੌਰ ਸੱਠ ਸਾਲ ਸੇਵਾ ਕੀਤੀ ਇਹ ਜੋੜੀ ਸੱਚਖੰਡ ਜਾਣ ਦੇ ਬਾਦ ਬੀਬੀ ਇੰਦਰ ਕੌਰ ਤੇ ਬੀਬੀ ਹਰਨਾਮ ਕੌਰ ਕਿਸ਼ਨ ਸਿੰਘ ਦੀਆਂ ਨੂੰਹਾਂ ਬਾਬਾ ਜੀ ਦੀ ਬਿਰਧ ਅਵਸਥਾ ਵਿਚ ਸੇਵਾ ਕਰਦੀਆਂ ਰਹੀਆਂ। ਸਾਹਬ ਸਿੰਘ ਜੀ ਇਕ ਸੌ ਦਸ ਸਾਲ ਦੇ ਹੋ ਕੇ ਬਿਕ੍ਰਮ ੧੯੫੫ ਦੇ ੧ ਵਸਾਖ ਨੂੰ ਸੱਚਖੰਡ ਜਾ ਵਸੇ। —ਪ੍ਰਕਾਸ਼ਕ

Sri Satguru Jagjit Singh Ji eLibrary Namdhari eLibrary@gmail.com

ਕਾਹਲਾਸਿੰਘ ਨੇ ਕੀਤਾ ਦਿਦਾਰ ਸਾਰਾ।੩੩।

## ਬਿਕ੍ਰਮ ੧੯੨੯ ਵਿਚ

## ਰਿਆਸਤ ਪਟਿਆਲਾ ਦੇ ਨਾਮਧਾਰੀ ਸਿੰਘ

ਰਿਆਸਤ ਪਟਿਆਲਾ ਰਾਜਾ ਮਹਿੰਦਰ ਸਿੰਘ ਸੀ,
ਓਹਨੇ ਸਦੇ ਪਿੰਡ ਦੇ ਨੰਬਰਦਾਰ ਹੈਸਨ।
ਹਾਜਰ ਕੂਕਿਆਂ ਸਿੰਘਾਂ ਨੂੰ ਕਰੋ ਛੇਤੀ,
ਓਹਨਾਂ ਨਾਲ ਤੋਰੇ ਠਾਣੇਦਾਰ ਹੈਸਨ।
ਜਿਸ ਪਿੰਡ ਅੰਦਰ ਸੀ ਸਿੰਘ ਕੂਕਾ,
ਕਰੇ ਪੁਲਸ ਸਾਰੇ ਗਿਰਫਤਾਰ ਹੈਸਨ।
ਕਾਹਲਾ ਸਿੰਘ ਪਟਿਆਲੇ ਵਿਚ ਸਿੰਘ ਆਏ,
ਰਾਜਾ ਕਰਨ ਲਗਾ ਅਤਿਆਚਾਰ ਹੈਸਨ।੩੪।

(ਤਥਾ)

ਸਿੰਘ ਜਿਹਲ ਅੰਦਰ ਦਿਤੇ ਵਾੜ ਸਾਰੇ,
ਰਾਜਾ ਕਰਨ ਆਇਆ ਗੱਲਾਂ ਖੋਟੀਆਂ ਜੇ।
ਕਹਿਣ ਲਗਾ ਰਾਜਾ ਛਡੋ ਪੰਥ ਕੂਕਾ,
ਕਛਾ ਲਾਹੋ ਤੇੜ ਪਾਓ ਲੰਗੋਟੀਆਂ ਜੇ।
ਤੁਸੀਂ ਜਾਤ ਤਰਖਾਣ ਹੈ ਗੁਰੂ ਕੀਤਾ,
ਖਾਵੋ ਝਟਕੇ ਮਾਸ ਤੇ ਬੋਟੀਆਂ ਜੇ।
ਗੁਰੂ ਬਾਰਵਾਂ ਮੰਨੋ ਨਾ ਰਾਮ ਸਿੰਘ ਨੂੰ,
ਛਡੋ ਦਿਲ ਉਤੋਂ ਗਲਾਂ ਮੋਟੀਆਂ ਜੇ।
ਜੇਕਰ ਰਵੋ ਕੂਕੇ ਕਰਾਂਗਾ ਮੈਂ ਸਖਤੀ,
ਹਡ ਭੰਨ ਕਰਾਂ ਟੋਟੇ ਟੋਟੀਆਂ ਜੇ।
ਕਾਹਲਾ ਸਿੰਘ ਹੋ ਬਿਗੜੇ ਜੱਟ ਤੁਸੀਂ,
ਥੋੜੇ ਨਾਲ ਵਿਗੜੀਆਂ ਜਾਤਾਂ ਛੋਟੀਆਂ ਜੇ।੩੫।



Sri Satguru Jagjit Singh Ji E-Library Namdhari E-library@gmail.com

## ਸ:ਮਹਿਤਾਬਸਿੰਘ ਜਰਗਵਾਲੇ ਦਾਰਾਜੇਨੂੰਕਹਿਣਾ

ਸਿੰਘ ਕਿਹਾ ਹੋਸ਼ ਕਰ ਰਾਜਿਆ ਤੂੰ,
ਸਤਿਗੁਰੂ ਰਾਮਸਿੰਘ ਰੂਪ ਭਗਵਾਨ ਰਾਜਾ।
ਗੁਰੂ ਬਾਰਵਾਂ ਰੂਪ ਅਕਾਲ ਦਾ ਹੈ,
ਤੂੰ ਓਸਨੂੰ ਕਹੇਂ ਤ੍ਰਿਖਾਣ ਰਾਜਾ।
ਰਹਿਤ ਗੁਰੂ ਦੀ ਬਾਣੀ ਗਰੰਥ ਪੜਦੇ,
ਕੂਕੇ ਸਿੰਘਾਂ ਨੂੰ ਜਾਣੇ ਜਹਾਨ ਰਾਜਾ।
ਕੂਕਾ ਪੰਥ ਨਾ ਛਡ ਬੇ-ਸਿਦਕ ਹੋਈਏ,
ਕਾਹਲਾਸਿੰਘ ਜਾਵੇ ਸਾਡੀ ਜਾਨ ਰਾਜਾ।੩੬।

(ਤਥਾ)

ਮਥੇ ਵਟ ਪਾ ਸਿੰਘਾਂ ਵਲ ਤਕਿਆ,
ਓਹਨੇ ਫੌਜੀਆਂ ਤਾਈਂ ਸਮਝਾ ਦਿਤਾ।
ਦੋ ਦੋ ਸਿੰਘ ਪਕੜੇ ਕੇਸਾਂ ਨਾਲ ਬੰਨੋ,
ਪਿਠਾਂ ਜੋੜ ਕੇ ਸੀ ਖੜਾ ਦਿਤਾ।
*ਜੱਜ ਦੇਵਾ ਸਿੰਘ ਚੰਮ ਉਦੇੜ ਦਿਤਾ,
ਲਤਾੜੇ ਫੌਜੀਆਂ ਤਾਈਂ ਬਤਾ ਦਿਤਾ।

---

*ਕਹਾਵਤ ਹੈ—ਦੇਵਾ ਸਿੰਘ ਰੋੜਿਆ, ਕਿਸਮਤ ਦਿਆ ਕੋੜਿਆ।
ਸਿੰਘਾਂ ਦਿਆ ਛੋੜਿਆ, ਤੇਰਾ ਬੇੜਾ ਰੋੜਿਆ।

ਇਹ ਦੇਵਾ ਸਿੰਘ ਜੱਜ ਸੀ, ਅਜ ਉਹਦੀ ਸੰਤਾਨ ਵਿਚੋਂ ਕੁਝ ਭੀ ਦੇਖਣ ਨੂੰ ਨਹੀਂ ਆਉਂਦਾ। ਦੂਸਰਾ ਸੀ ਮੁਹੰਮਦ ਹੁਸੈਨ ਖਲੀਫਾ, ਜਿਨ੍ਹਾਂ ਨੇ ਸਿੰਘਾਂ ਨੂੰ ਬਹੁਤ ਤਕਲੀਫਾਂ ਦਿਤੀਆਂ ਸੀ, ਉਹਦੀ ਬਾਬਤ ਸਿੰਘਾਂ ਨੇ ਇਉਂ ਕਿਹਾ—ਮੁਹੰਮਦ ਹੁਸੈਨ ਖਲੀਫਿਆ, ਮਦੀਫਿਆ।
ਤੇਰੀ ਸਖਤਾਈ ਸਿੰਘਾਂ ਹਸ ਹਸ ਭੋਗੀ।
ਤੇਰੀ ਦੌਲਤ ਜਵਾਈਆਂ ਜੋਗੀ।

ਜਦ ਸਿੰਘ ਅਦਾਲਤ ਵਿਚ ਪੇਸ਼ ਹੁੰਦੇ ਸੀ ਤਾਂ ਕੁਝ ਸਿੰਘ ਇਹ ਗੀਤ ਗਾਉਂਦੇ ਹੁੰਦੇ ਸੀ।



Sri Satguru Jagjit Singh Ji E-Library Namdhari Elibrary@gmail.com

ਰੁਖਾਂ ਨਾਲ ਬੰਨੇ ਪੁਠੇ ਸਿੰਘ ਕਈ,
ਡਾਂਗਾਂ ਮਾਰਕੇ ਪਿੰਡਾ ਸੁਜਾ ਦਿਤਾ।
ਪਾਣੀ ਛਿੜਕ ਮਾਰੇ ਬੇਸੁਰਤ ਕੀਤੇ,
ਨੰਗੇ ਬਦਨ ਸੀ ਫੇਰ ਕਰਾ ਦਿਤਾ।
ਗੁਪਤ ਜਗਾਂ ਵਿਚੋਂ ਰੋਮ ਪੱਟ ਦਿਤੇ,
ਕੇਸ ਦਾੜ੍ਹਿਆਂ ਤਾਈਂ ਪੁਟਾ ਦਿਤਾ।
ਤਿੰਨ ਰੋਜ ਸਖਤੀ ਕਰੀ ਸਿੰਘਾਂ ਉਤੇ,
ਪੀਹਣ ਚੱਕੀਆਂ ਸੀ ਫੇਰ ਲਾ ਦਿਤਾ।
ਅਠ ਪਹਿਰ ਪਿਛੋਂ ਡੋਲੇ ਦੇਣ ਭੁਜੇ,
ਪਾਣੀ ਪੀਕੇ ਸਿਦਕ ਪਕਾ ਦਿਤਾ।
ਰਾਤ ਸ਼ਬਦ ਪੜ੍ਹਦੇ ਸੀ ਲੰਘਾ ਦਿੰਦੇ,
ਕਾਹਲਾ ਸਿੰਘ ਨੇ ਜ਼ੁਲਮ ਬੇ ਥਾ ਦਿਤਾ।੩੭।

## ਰਾਜੇ ਦੇ ਹੁਕਮ ਨਾਲ ਦੇਵਾ ਸਿੰਘ ਪਟਿਆਲੇ ਵਾਲੇ ਨੇ ਸਿੰਘਾਂ ਪਾਸ ਆਕੇ ਕਹਿਣਾ

ਕੂਕੇ ਪੰਥ ਦੀ ਤੁਸੀਂ ਕਲਾਮ ਛਡੋ,
ਕਛਾਂ ਔਰਤਾਂ ਲੋਹਣ ਜੋ ਭੇਡ ਛਡੋ।
ਮਾਲਾ ਉਨ ਦੀ ਸਿਧੀ ਦਸਤਾਰ ਛਡੋ,
ਸੋਧ ਸਾਧ ਦਾ ਤੁਸੀਂ ਪਖੰਡ ਛਡੋ।
ਦਸਵੇਂ ਗੁਰੂ ਦੇ ਬਣ ਜਾਓ ਸਿੰਘ ਅਸਲੀ,
ਝਟਕਾ ਖਾਵੋ, ਤੇ ਹਿੰਡ ਦੀ ਕੰਡ ਛਡੋ।
ਗੰਗਾ ਜਾਓ ਤੇ ਕਰੋ ਸਰਾਧ ਸਾਰੇ,
ਦੇਵੀ ਮੰਦਰ ਪੂਜੋ ਤੇ ਕੁਢੰਗ ਛਡੋ।
ਵਫਾਦਾਰ ਅੰਗਰੇਜ਼ ਦੇ ਹੋਵੋ ਸਾਰੇ,
ਨਹੀਂ ਜਬਤ ਘਰ ਬਾਰ ਤੇ ਖੰਡ ਛਡੋ।



Sri Satguru Jagjit Singh Ji E-library    Namdhari Elibrary@gmail.com

ਕਾਹਲਾ ਸਿੰਘ ਜੋ ਕੂਕਾ ਨਾ ਪੰਥ ਛਡੇ,
ਤਾਂ ਰਿਆਸਤ ਪਟਿਆਲਾ ਬ੍ਰਹਮੰਡ ਛਡੇ।੩੮।

## ਸ: ਮਹਿਤਾਬ ਸਿੰਘ ਤੇ ਸਾਰੇ ਸਿੰਘਾਂ ਨੇ ਕਹਿਣਾ ਰਾਜੇ ਨੂੰ

ਜਾਨ ਜਾਏ ਨਾ ਕੂਕੇ ਦੀ ਸ਼ਾਨ ਜਾਏ,
ਸਾਡਾ ਸਿਦਕ ਹੈ ਸਿਖ ਅਟੱਲ ਸਾਰਾ।
ਹਿਲ ਜਾਏ ਅਕਾਸ਼ ਤੇ ਰਵੀ ਜੇਕਰ,
ਹਿਲ ਜਾਵੇ ਹਿਮਾਲਾ ਅਚੱਲ ਸਾਰਾ।
ਵਹਿਣ ਪਾਣੀ ਦਰਿਆਵਾਂ ਦੇ ਵਹਾਣ ਉਲਟੇ,
ਤੁੰਮਾਂ ਬਣੇ ਮਿਠਾ ਸੀਤ ਜਲ ਸਾਰਾ।
ਪਾਣੀ ਸਾਗਰ ਦਾ ਖਾਰਾ ਜੋ ਹੋਵੇ ਮਿਠਾ,
ਬਦਲ ਜਾਵੇ ਬ੍ਰਹਮੰਡ ਦਾ ਬਲ ਸਾਰਾ।
ਕੂਕਾ ਸਿੰਘ ਨਾ ਛਡੇਗਾ ਪੰਥ ਕੂਕਾ,
ਚੰਦ ਸੂਰਜ ਜੋ ਜਾਵੇ ਵੱਲ ਸਾਰਾ।
ਸਿਰ ਵਟੇ ਖਰੀਦਿਆ ਸਿਦਕ ਸਿਖੀ,
ਟੁਟੇ ਗੁਰਾਂ ਤੋਂ ਨਾਹੀ ਮੁਰੀਦ ਦਾ ਦਿਲ।
ਭਾਵੇਂ ਪੋਰੀਆਂ ਪੋਰੀਆਂ ਕੱਟ ਦੇ ਤੂੰ,
ਕਾਹਲਾ ਸਿੰਘ ਹੈ ਸਾਡਾ ਸ਼ਹੀਦ ਦਾ ਦਿਲ।੪੦।

(ਵਾਕ ਕਵੀ)

ਸ਼ਰਮ ਕਰੀ ਰਾਜੇ ਤੁਰਿਆ ਸਿੰਘ ਪਾਸੋਂ,
ਕਈ ਕੈਦ ਕੀਤੇ ਦੋ ਸਾਲ ਕੂਕੇ।
ਨਜ਼ਰ ਬੰਦ ਕੀਤੇ ਪਿੰਡਾਂ ਵਿਚ ਕੂਕੇ,
ਸਿਦਕ ਧਾਰਕੇ ਰਹੇ ਖੁਸ਼ਹਾਲ ਕੂਕੇ।



Sri Satguru Jagjit Singh Ji E-Library Namdhari Elibrary@gmail.com

ਕਈ ਸਿਦਕ ਛਡਕੇ ਬਣੇ ਨਿਰਮਲੇ ਸੀ,
ਕਈ ਸਿੰਘ ਵੇਖੇ ਅਖਾਂ ਨਾਲ ਕੂਕੇ।
ਸਖਤੀ ਕੈਦਾਂ ਜੁਰਮਾਨੇ ਸੀ ਭਰਨ ਕੂਕੇ,
ਦਿਨ ਕਹਿਰ ਦੇ ਦਿੰਦੇ ਨੇ ਢਾਲ ਕੂਕੇ।
ਜਰਗ ਵਾਲੇ ਮਹਿਤਾਬ ਸਿੰਘ ਦਸਿਆ ਸੀ,
ਸਿਦਕੀ ਸਿੰਘ ਸੀ ਨੌ-ਨਿਹਾਲ ਕੂਕੇ।
ਕਾਹਲਾਸਿੰਘ ਬੇ-ਸਿਦਕਾਂ ਨੂੰ ਮੈਂ ਮਿਲਿਆ,
ਹਾਲ ਸੁਣਿਆ ਪਾਸ ਬਹਾਲ ਕੂਕੇ।੪੧।

## ਨਾਭਾ ਰਿਆਸਤ ਦੇ ਨਾਮਧਾਰੀ ਸਿੰਘ ਤੇ ਰਾਜਾ ਹੀਰਾ ਸਿੰਘ

ਰਾਜਾ ਨਾਭਾ ਭਰਪੂਰ ਸਿੰਘ ਮਰ ਗਿਆ ਸੀ,
ਰਾਜਾ ਹੀਰਾ ਸਿੰਘ ਰਾਜਾ ਸ੍ਰਦਾਰ ਹੋਇਆ।
ਪੁਲਸ ਸਦਕੇ ਓਸਨੇ ਹੁਕਮ ਦਿਤਾ,
ਕੂਕੇ ਸਿੰਘ ਪਕੜੋ ਤਸੀਲਦਾਰ ਹੋਇਆ।
ਲੋਹਟਬੱਦੀ, ਧਨੌਲਾ, ਸਕਰੋਧੀ, ਦਿਆਲਪੁਰ ਤੇ,
ਭਦਲ ਸੂਹਾ, ਹਰੀ ਪੁਰ ਸਾਰ ਹੋਇਆ।
ਬਹੁਤ ਨਗਰਾਂ ਦੇ ਫੜੇ ਨਾਮਧਾਰੀ,
ਦਸਣ ਗਿਣਤੀ ਵਿਚ ਸਿੰਘ ਹਜਾਰ ਹੋਇਆ।
ਪਿਥੋ ਪਿੰਡ ਦੇ ਰਬ ਭਗਵਾਨ ਸਿੰਘ ਜੀ,
ਅਤਰਸਿੰਘ ਦਲਸਿੰਘ ਗ੍ਰਿਫਤਾਰ ਹੋਇਆ।
ਕਾਹਨਸਿੰਘ ਕਿਸ਼ਨਸਿੰਘ ਧਰਮ ਸਿੰਘ ਜੀ,
ਹਥਕੜੀ ਲਾਈ ਜਥੇਦਾਰ ਹੋਇਆ।
ਨਾਭੇ ਵਿਚ ਕਰੋ ਸਾਰੇ ਜੇਹਲ ਅੰਦਰ,
ਵਜ਼ੀਰ ਨਾਭੇ ਦਾ ਸੀ ਮੁਖਤਿਆਰ ਹੋਇਆ।੪੨।



Sri Satguru Jagjit Singh Ji E-Library Namdhari Elibrary@gmail.com

(ਤਥਾ)

ਅਹਿਲਕਾਰਾਂ ਵਜ਼ੀਰਾਂ ਤੇ ਅਫਸਰਾਂ ਨੂੰ,
ਰਾਜੇ ਆਖਿਆ ਨਹੀਂ ਵਿਗਾੜ ਕਰਨਾ।
ਕਰਨਾ ਤੰਗ ਨਾ ਦੇਵਣੀ ਰਸਤ ਸਾਰੀ,
ਨਰਮ ਬੋਲ ਨਾ ਗਰਬ ਨਾਂ ਤਾੜ ਕਰਨਾ।
ਮਹੀਨੇ ਦੋ ਏਧਰ ਓਧਰ ਕਰ ਟਾਲ ਦੇਵੋ,
ਅੰਮ੍ਰਿਤ ਛਕੋ ਇਹ ਵਾਕ ਉਘਾੜ ਕਰਨਾ।
ਦਸਵੇਂ ਗੁਰੂ ਦੇ ਸਿੰਘ ਤੁਸੀਂ ਬਣੋ ਸਾਰੇ,
ਕਾਹਲਾ ਸਿੰਘ ਨਾ ਆਰ ਤੇ ਪਾਰ ਕਰਨਾ।੮੩।

(ਤਥਾ)

ਰਸਤਾਂ ਦਿਤੀਆਂ ਸੁਕੀਆਂ ਆਪ ਸਿੰਘਾਂ,
ਲੰਗਰ ਕੀਤਾ ਸੀ ਆਪ ਤਿਆਰ ਸਿੰਘੋ।
ਕਿਹਾ ਆਏ ਵਜ਼ੀਰ ਨੇ ਜੇਹਲ ਅੰਦਰ,
ਗਲ ਸੁਣੋ ਮੇਰੀ ਜਥੇਦਾਰ ਸਿੰਘੋ।
ਰਹਿਤ ਗੁਰੂ ਦਸਮੇਸ ਦੀ ਰਖੋ ਤੁਸੀਂ,
ਲਵੋ ਨੀਲ ਬਸੰਤ੍ਰ ਅੰਗ ਧਾਰ ਸਿੰਘੋ।
ਵਫਾਦਾਰ ਸਰਕਾਰ ਦੇ ਬਣ ਜਾਵੋ,
ਬਾਗੀ ਬਣੋ ਨਾ ਅੰਗਰੇਜ਼ ਸਰਕਾਰ ਸਿੰਘੋ।
ਅੰਮ੍ਰਿਤ ਛਕੇ ਬਿਨਾਂ ਖੇਹੜਾ ਛੁਟਣਾ ਨਹੀਂ,
ਕਰੋ ਜੇਹਲ 'ਚ ਮੌਜ ਬਹਾਰ ਸਿੰਘੋ।੮੪।

(ਤਥਾ)

ਇਹ ਬਾਤ ਵਜ਼ੀਰ ਨੇ ਕਹੀ ਹੈਸੀ,
ਹੋਰ ਕੋਈ ਨਾ ਸੀ ਤਕਰਾਰ ਹੋਇਆ।
ਦਿਨ ਪੰਦਰਾਂ ਬੀਤ ਗਏ ਜੇਹਲ ਅੰਦਰ,
ਸਿੰਘ ਛਡਣੇ ਦਾ ਸੀ ਵਿਚਾਰ ਹੋਇਆ।
ਦਿਨ ਪੰਜਵੇਂ ਓਹ ਭੀ ਛਡ ਦਿਤੇ,



Sri Satguru Jagjit Singh Ji eLibrary    NamdhariElibrary@gmail.com

ਜੇਹਲ ਰਹਿਣ ਸਿੰਘ ਜੋ ਜਥੇਦਾਰ ਹੋਇਆ ।
ਜਥੇਦਾਰਾਂ ਸਿੰਘਾਂ ਨੂੰ ਛਡ ਕੇ ਤੇ,
ਇਕ ਦਿਨ ਸੀ ਏਹ ਵਿਚਾਰ ਹੋਇਆ ।੪੫।
(ਤਥਾ)
ਇਕ ਸੌ ਪੰਜਾਹ ਸਿੰਘ ਜੇਹਲ ਅੰਦਰ,
ਰਸਤਾਂ ਮਿਲਦੀਆਂ ਪ੍ਰਸ਼ਾਦੇ ਪਕਾਣ ਆਪੇ ।
ਪਾਣੀ ਖੂਹ ਤੋਂ ਕਢਕੇ ਲਿਔਣ ਆਪੇ,
ਸ਼ਬਦ ਪੜਨ ਦਿਵਾਨ ਲਗਾਣ ਆਪੇ ।
ਇਕ ਦਿਨ ਵਜ਼ੀਰ ਨੇ ਕਿਹਾ ਆ ਕੇ,
ਅੰਮ੍ਰਿਤ ਛਕਣਾ ਕਰੋ ਪਰਵਾਣ ਆਪੇ ।
ਬਾਬੇ ਅਜਾਪਾਲ ਸਿੰਘ ਦੇ ਦਰਬਾਰ ਜਾ ਕੇ,
ਅੰਮ੍ਰਿਤ ਛਕੋਗੇ ਥੋਨੂੰ ਲਜਾਣ ਆਪੇ ।੪੬।
(ਤਥਾ)
ਹੁਕਮ ਰਾਜੇ ਦਾ ਸਿੰਘ ਤਿਆਰ ਹੋਏ,
ਬਾਬਾ ਅਜਾਪਾਲ ਸਿੰਘ ਦੇ ਦਰਬਾਰ ਆਏ ।
ਅਗੋਂ ਸਿੰਘ ਨਿਹੰਗ ਸੀ ਅੰਮ੍ਰਿਤਸਰ ਦੇ,
ਅੰਮ੍ਰਿਤ ਛਕੌਣ ਨੂੰ ਹੋ ਤਿਆਰ ਆਏ ।
ਬੁੰਗੇ ਸੀਸ ਤੇ ਪੰਜ ਕਕਾਰ ਪਹਿਨੇ,
ਨੀਲੇ ਬਸਤਰ ਪਾ ਵਿਚਾਰ ਆਏ ।
ਬਾਬੇ ਅਜਾਪਾਲ ਸਿੰਘ ਦੇ ਡੇਰੇ ਸਿੰਘ ਆਏ,
ਸ੍ਰੀ ਗਰੰਥ ਪ੍ਰਕਾਸ਼ ਗੁਲਜ਼ਾਰ ਆਏ ।
ਉਪਰ ਚਾਂਦਨੀ ਵਿਛੇ ਸੀ ਫਰਸ਼ ਨੀਲੇ,
ਕੂਕੇ ਸਿੰਘ ਫੌਜੀ ਪਹਿਰੇਦਾਰ ਆਏ ।
ਸਿੰਘ ਚਰਨ ਧੋ ਕੇ ਗਏ ਦਰਬਾਰ ਅੰਦਰ,
ਸ੍ਰੀ ਗਰੰਥ ਕਰਨ ਨਿਮਸਕਾਰ ਆਏ ।
ਫਰਸ਼ ਨੀਲਿਆਂ ਤੇ ਸਿੰਘ ਨਾ ਬੈਠੇ,



Sri Satguru Jagjit Singh Ji E-library Namdhari E-library@gmail.com

ਗੁਰਦੁਆਰੇ ਤੇ ਸੀ-ਬਾਹਰ ਆਵੇ।
ਬੈਠੇ ਘਾ ਉਤੇ ਆਣ ਕੇ ਸਿੰਘ ਕੂਕੇ,
ਮਹੰਤ ਨਰੈਣ ਸਿੰਘ ਜੀ ਕਰਨ ਪਿਆਰ ਆਏ ।੪੭।

(ਤਥਾ)

ਨਰੈਣ ਸਿੰਘ ਜੀ ਵੀ ਪਿਥੋ ਪਿੰਡ ਦੀ ਸੀ,
ਸਿੰਘਾ ਪਿੰਡ ਦਿਆਂ ਤਾਈ ਪਛਾਣ ਲਿਆ।
ਭਗਵਾਨ ਸਿੰਘ ਅਤਰ ਸਿੰਘ ਦਲਸਿੰਘ ਨੂੰ,
ਧਰਮ ਸਿੰਘ ਦੇ ਤਾਈਂ ਜਾਣ ਲਿਆ।
ਮਹੰਤ ਨਰੈਣ ਸਿੰਘ ਨੇ ਹਥ ਜੋੜ ਕਿਹਾ,
ਤੁਸੀਂ ਅੰਮ੍ਰਿਤ ਤਾਂ ਕਰ ਪ੍ਰਵਾਣ ਲਿਆ।
ਫਰਸ਼ ਵਿਛੇ ਹੋਏ ਹੈਨ ਦਰਬਾਰ ਅੰਦਰ,
ਤੁਸੀਂ ਜਾਓ ਅੰਦਰ ਸੀ ਫ਼ਰਮਾਣ ਲਿਆ।
ਮੈਨੂੰ ਖੁਸ਼ੀ ਭਾਰੀ ਭਾਈ ਭਗਵਾਨ ਸਿੰਘਾ,
ਸਾਡੇ ਹਥੋਂ ਛਕਣਾ ਪ੍ਰਵਾਣ ਅੰਮ੍ਰਿਤ।
ਕਾਹਲਾ ਸਿੰਘ ਆਓ ਗੁਰਦੁਆਰੇ ਅੰਦਰ,
ਛਕੋ ਆ ਭਾਈ ਛੇਤੀ ਆਣ ਅੰਮ੍ਰਿਤ ।੪੮।

(ਤਥਾ)

ਭਗਵਾਨ ਸਿੰਘ ਨੇ ਆਖਿਆ ਨਰੈਣਸਿੰਘਾ,
ਏਹ ਅੰਮ੍ਰਿਤ ਨਾਹੀ ਦਿੰਦਾ ਮੂਰ ਹੈ ਓਏ।
‡ਨੀਲੇ ਫਰਸ਼ਾਂ ਤੇ ਬੈਠਣਾ ਅਸੀਂ ਨਾਹੀਂ,
ਛਕੀਏ ਬੈਠ ਉਪਰ ਲਿਆ ਕੂਕ ਹੈ ਓਏ।

---

‡ਨੀਲ ਬਸਤ੍ਰ ਲੇ ਕਪੜੇ ਫਾਰੇ ਤੁਰਕ ਪਠਾਣੀ ਅਮਲ ਕੀਆ। ਦਸਵੇਂ ਪਾਤਸ਼ਾਹ ਦਾ ਵਾਕ ਹੈ-ਮਲ ਜੁਬੀ ਡਰਿਆਂ ਨੀਲਾ ਕਾਲਾ ਖਿਦੋਲੜਾ, ਤਿੰਨ ਬੇਮੁਖਿ ਬੇਮੁਖੇ ਨੂੰ ਪਾਇਆ ॥ ਗੁਰੂ ਵਾਕ ਸੋ ਭਾਈ ਨੀਲਾ ਨਹੀਂ ਕਿਸੇ ਪਹਿਰਨਾ, ਜੋ ਪਹਿਰੂਗਾ ਉਸਦੀ ਮਤ ਮਾਰੀ ਜਾਊਗੀ। -ਹੁਕਮਨਾਮਾ

ਅੰਮ੍ਰਿਤ ਕਾਹਦਾ ਕੁਰਹਿਤੀਆਂ ਤਿਆਰ ਕੀਤਾ,
ਏਹ ਤਾਂ ਸਖਤੀ ਦਾ ਦਿੰਦਾ ਤੋਂ ਜ਼ੂਕ ਹੈ ਓਏ।
ਪੰਜ ਪਿਆਰੇ ਨਾਂ ਕੇਸੀ ਅਸ਼ਨਾਨ ਕੀਤਾ,
ਅੰਮ੍ਰਿਤ ਤਿਆਰ ਕੀਤਾ ਐਵੇਂ ਝੂਠ ਹੈ ਓਏ।
ਅੰਮ੍ਰਿਤ ਛਕਣਾ ਜ਼ੁਲਮ ਤੇ ਪਾਪ ਨਾਹੀਂ,
ਅੰਮ੍ਰਿਤ ਛਕਣ ਤੋਂ ਅਸੀਂ ਇਨਕਾਰ ਨਾਹੀਂ।
ਜਿਨ੍ਹਾਂ ਸਿੰਘਾਂ ਨੇ ਅੰਮ੍ਰਿਤ ਤਿਆਰ ਕੀਤਾ,
ਸਣੇ ਕੇਸ ਨਾ ਨਾਤੇ ਤਿਆਰ ਨਾਹੀਂ।੪੯।

(ਤਥਾ)

ਮਹੰਤ ਪੁਛਿਆ ਪੰਜਾਂ ਪਿਆਰਿਆਂ ਨੂੰ,
ਸਣੇ ਕੇਸ ਅਸ਼ਨਾਨ ਸੀ ਕਰੇ ਸਿੰਘੋ।
ਓਹਨਾਂ ਆਖਿਆਂ ਅਸ਼ਨਾਨ ਤਾਂ ਹੈਨ ਕੀਤੇ,
ਕੇਸਾਂ ਪਾਏ ਨਾ ਪਾਣੀ ਤੇ ਡਰੇ ਸਿੰਘੋ।
ਸਿੰਘਾਂ ਕਿਹਾ ਅਸੀਂ ਨਿਤ ਅਸ਼ਨਾਨ ਕਰਦੇ,
ਕੇਸੀਂ ਪਾ ਪਾਣੀ ਕਰੇ ਹਰੇ ਸਿੰਘੋ।
ਅੰਮ੍ਰਿਤ ਨਹੀਂ ਸਿੰਘਾ ਤਿਆਰ ਕਰ ਤਿਆਰ ਕੀਤਾ,
ਸਾਡੀ ਰੀਤ ਹੈ ਇਸ ਤੋਂ ਪਰੇ ਸਿੰਘੋ।੫੦।

(ਤਥਾ)

ਭਗਵਾਨ ਸਿੰਘ ਕਿਹਾ ਨਿਹੰਗ ਸਿੰਘੋ,
ਤੁਸੀਂ ਪਹਿਨੋ ਪੰਜ ਕਕਾਰ ਸਾਰੇ।
ਝਟਕਾ ਖਾਣ ਵਾਲੇ ਤੇ ਸ਼ਰਾਬਾਂ ਤੁਸੀਂ ਪੀਵੋ,
ਫਰੰਗੀ ਸਿਖ ਹੋ ਦਿਸਦੇ ਯਾਰ ਸਾਰੇ।



Sri Satguru Jagjit Singh Ji eLibrary Namdhari Elibrary@gmail.com

ਸਾਡੀ ਰਹਿਤ ਨਿਤ ਕਰਦੇ ਅਸ਼ਨਾਨ ਅਸੀਂ,
ਬਾਣੀ ਪੜ੍ਹਦੇ ਪੰਜ ਕਕਾਰ ਸਾਰੇ।
ਹਥੋਂ ਨਹੀਂ ਕੁਸੰਗੀ ਦੇ ਅਸੀਂ ਖਾਂਦੇ,
ਰਹਿਤ ਸਾਡੀ ਹੈ ਦਸੋ ਵਿਚਾਰ ਸਾਰੇ।
ਨਿਹੰਗ ਸਿੰਘ ਨਾ ਅਗੋਂ ਸੀ ਕੁਝ ਬੋਲੇ,
ਕੂਕੇ ਸਿੰਘਾਂ ਦੇ ਬਚਨ ਕਰਾਰ ਸਾਰੇ।
ਨਰੈਣ ਸਿੰਘ ਮਹੰਤ ਨੇ ਜਾ ਕਿਹਾ,
ਰਾਜੇ ਹੀਰਾ ਸਿੰਘ ਨੂੰ ਦਸੀ ਕਾਰ ਸਾਰੇ।
ਕਾਹਲਾ ਸਿੰਘ ਰਾਜੇ ਨੇ ਹੁਕਮ ਦਿਤਾ,
ਕੂਕੇ ਸਿੰਘ ਛਡੋ ਇਕੋ ਵਾਰ ਸਾਰੇ।੫੧।

(ਤਥਾ)

ਰਾਜੇ ਆਕੇ ਸਿੰਘਾਂ ਨੂੰ ਅਰਜ਼ ਕੀਤੀ,
ਤੁਸੀਂ ਆਪਣੇ ਪਿੰਡਾਂ ਨੂੰ ਜਾਓ ਭਾਈ।
ਗੁਰੂ ਬਾਰਵਾਂ ਮੰਨੋ ਤੇ ਰਹਿਤ ਰਖੋ,
ਢੋਲਕ ਕੀਰਤਨ ਗਾਓ ਸੁਣਾਓ ਭਾਈ।
ਕਰੋ ਧਰਮ ਦਾ ਤੁਸੀਂ ਪ੍ਰਚਾਰ ਸਾਰੇ,
ਗਰੰਥ ਭੋਗ ਅਨੰਦ ਪੜ੍ਹਾਓ ਭਾਈ।
ਇਤਲਾਹ ਠਾਣਿਆਂ ਵਿਚ ਲਿਖਾਓ ਜਾਕੇ,
ਨਾਮ ਜਪੋ ਤੇ ਮੌਜ ਬਣਾਓ ਭਾਈ।
ਰਾਜ ਗੋਰਿਆਂ ਦਾ ਹੈ ਜੋ ਹਿੰਦ ਅੰਦਰ,
ਰਖੋ ਭੈ ਸਾਰੇ, ਕਰੋ ਭਾਓ ਭਾਈ।
ਕਾਹਲਾ ਸਿੰਘ ਨਾਭੇ ਰਾਜੇ ਨੇ ਸਿੰਘ ਛਡੇ,
ਦਿਤਾ ਦਾਸ ਨੂੰ ਹਾਲ ਲਖਾਓ ਭਾਈ।੫੨।



Sri Satguru Jagjit Singh Ji eLibrary Namdhari Elibrary@gmail.com

(ਤੰਬਾ)

*ਪਟਿਆਲੇ ਵਾਲੇ ਰਾਜੇ ਫੜੇ ਸਿੰਘ ਕੂਕੇ,
ਦੁਖ ਦੇ ਕੇ ਸੀ ਬੜਾ ਤੰਗ ਕੀਤਾ।
ਨਾਭੇ ਵਾਲੇ ਰਾਜੇ ਹੀਰਾ ਸਿੰਘ ਨੇ ਸੀ,
ਨਾਮਧਾਰੀਆਂ ਸਿੰਘਾਂ ਦਾ ਸੰਗ ਕੀਤਾ।
ਦੁਖ ਦਿਤੇ ਫਰੰਗੀਆਂ ਰਾਜਿਆਂ ਨੇ,
ਕੂਕੇ ਸਿੰਘਾਂ ਕਈਆਂ ਸਿਦਕ ਭੰਗ ਕੀਤਾ।
ਕਈ ਲਾਹਕੇ ਪਾਈਆਂ ਲੰਗੋਟੀਆਂ ਸੀ.
ਕੇਸਾਂ ਦਾੜ੍ਹਿਆਂ ਕਈਆਂ ਬਰੰਗ ਕੀਤਾ।
ਬਾਗੀ ਕੂਕੇ ਅੰਗਰੇਜ਼ ਤੋਂ ਸੀ ਸਾਰੇ,
ਬਿਕ੍ਰਮ ਉਨੀ ਅਠਾਈਏ ਦੰਗ ਕੀਤਾ।
ਬਚਾ ਬਿਰਧ ਮਾਈ ਨੌਜਵਾਨ ਕੂਕਾ,
ਪਿੰਡ ਵਿਚ ਸਾਰੇ ਪਾਬੰਦ ਕੀਤਾ।
ਕਾਹਲਾ ਸਿੰਘ ਨੇ ਸੁਣਿਆ ਹਾਲ ਸਾਰਾ,
ਕੂਕਾ ਸਿੰਘ ਹੋ ਹੋ ਸਤਿਸੰਗ ਕੀਤਾ।੫੩।

---

*ਚੂਨੀ ਮਛਲੀ ਦੇ ਨਾਮਧਾਰੀ ਸਿਆਮ ਸਿੰਘ ਸੈਣੀ ਪਟਿਆਲੇ ਵਿਚ ਦੁਕਾਨਦਾਰ ਸੀ। ਇਹਦਾ ਪਿਤਾ ਈਸਰ ਸਿੰਘ ਮਹੰਤ ਸੀ, ਸਿਆਮ ਸਿੰਘ ਗਿਰਫਤਾਰ ਕੀਤਾ ਗਿਆ ਬੜੀ ਤਸ਼ਦਤ ਕੀਤੀ ਇਸ ਤੋਂ, ਇਸ ਨੂੰ ਇਕ ਦਿਨ ਛਡ ਦਿਤਾ, ਇਹ ਪਟਿਆਲੇ ਦੀ ਦੁਕਾਨ ਛਡ ਕੇ ਰਾਤੋ ਰਾਤ ਆਪਣੀ ਸਿੰਘਣੀ ਸਮੇਤ ਜਿਲਾ ਜਲੰਧਰ ਪਿੰਡ ਹੇਸਰੋ ਵਿਚ ਨਿਰਮਲਾ ਸਾਧੂ ਬਣ ਕੇ ਰਹਿੰਦਾ ਰਿਹਾ। ਦੋ ਪੁਤ੍ਰ ਹੋਏ, ਵਡਾ ਪੰਡਤ ਗੁਰਬਖਸ਼ ਸਿੰਘ ਜੋ ਪਟਿਆਲੇ ਵਿਚ ੪੦) ਰੁਪਏ ਚੀਫ ਖਾਲਸਾ ਵਲੋਂ ਨੌਕਰੀ ਲੈਕੇ ਸਿੰਘ ਸਭਾ ਦਾ ਪ੍ਰਚਾਰ ਕਰਦਾ ਰਿਹਾ। ਛੋਟਾ ਪੁਤਰ ਗਿਆਨੀ ਮਹਾਂ ਸਿੰਘ ਨਾਮਧਾਰੀ ਸੀ ਜਿਸਦਾ ਪ੍ਰਕਾਸ਼ਤ ਪੁਸਤਕ ਦੁਧਾਰਾ ਖੰਡਾ ਨਾਮਧਾਰੀ ਪੰਥ ਵਿਚ ਯਾਦ ਹੈ, ਲੇਖਕ ਨੂੰ ਹਡ ਬੀਤੀ ਸਿਆਮ ਸਿੰਘ ਨੇ ੧੯੪੪ ਈਸਵੀ ਵਿਚ ਦਸੀ ਸੀ।



Sri Satguru Jagjit Singh Ji eLibrary    NamdhariElibrary@gmail.com

# ਭਾਰਤ ਤੇ ਪੰਜਾਬ ਦੇ ਨਾਮਧਾਰੀ ਸਿੰਘ

ਜਿਲੇ ਜਿਲੇ ਪੰਜਾਬ ਦੇ ਮੁਲਖ ਅੰਦਰ,
ਹੈਸੀ ਵਰਤਿਆ ਜ਼ੁਲਮ ਗਵਾਰ ਸਾਰੇ।
ਸਿਖ ਰਿਆਸਤਾਂ ਦੇ ਰਾਜੇ ਕਰਨ ਸਖਤੀ,
ਬੇ-ਗੁਨਾਹਾਂ ਉਤੇ ਅਤਿਆਚਾਰ ਸਾਰੇ।
ਲੁਧਿਆਣਾ, ਅੰਬਾਲਾ, ਫਿਰੋਜ਼ ਪੁਰ ਜੋ,
ਅੰਮ੍ਰਿਤਸਰ, ਲਾਹੌਰ ਵਿਚਕਾਰ ਸਾਰੇ।
ਸਿਆਲਕੋਟ, ਜਲੰਧਰ, ਗੁਰਦਾਸ ਪੁਰ ਵੀ,
ਸ਼ੇਖੂਪੁਰਾ ਤੇ ਗੁਜਰਾਂਵਾਲ ਸਾਰੇ।
ਹਰੀ ਪੁਰਾ, ਜ਼ਿਲਾ ਕੈਮਲ ਪੁਰ ਹਜ਼ਰੋਂ,
ਰਾਵਲਪਿੰਡੀ, ਅਟਕ ਤੇ ਪਾਰ ਸਾਰੇ।
ਮਿੰਟਗੁਮਰੀ, ਮੁਲਤਾਨ ਤੇ ਸਰਗੋਧਾ,
ਲਾਲ ਪੁਰ ਵਾਸੀ ਵਿਚ ਵਾਰ ਸਾਰੇ।
ਬੀਕਾਨੇਰ, ਬਹੌਲਪੁਰ ਦੂਰ ਨੇੜੇ,
ਕਰਨਾਲ ਹਾਂਸੀ ਤੇ ਜਿਲਾ ਹਿਸਾਰ ਸਾਰੇ।
ਕਪੂਰਥਲਾ, ਨਿਪਾਲ, ਕਸ਼ਮੀਰ ਕਾਬਲ,
ਜਿੰਨੇ ਸਿੰਘ ਕੂਕੇ ਖਬਰਦਾਰ ਸਾਰੇ।
ਨਾਭਾ, ਜੀਂਦ, ਪਟਿਆਲਾ, ਫਰੀਦ ਕੋਟਾ,
ਪਕੜਿਆ ਕੌਟਲੇ ਵਾਲੇ ਅੰਧਾਰ ਸਾਰੇ।
ਸਾਰੇ ਜਿਲਿਆਂ ਰਿਆਸਤਾਂ ਵਿਚ ਕੂਕੇ,
ਪਿੰਡੋ ਪਿੰਡ ਨੇ ਕੀਤੇ ਖੁਆਰ ਸਾਰੇ।
ਯੂਪੀ, ਸੀਪੀ, ਲਖਨਊ, ਦੇਹਰਾਦੂਨ ਆਹਾ,
ਰਿਖੀ ਕੇਸ਼ ਕੂਕੇ ਹਰਦੁਆਰ ਸਾਰੇ।
ਜ਼ਿਮੀਂਦਾਰ ਕਿਰਸਾਣ ਤੇ ਨਾਭੀ ਛੀਂਬੇ,
ਕੂਕੇ ਤੇਗ ਘੁਮਿਆਰ ਲੁਹਾਰ ਸਾਰੇ।

ਚਲੰ.

Sri Satguru Jagjit Singh Ji E-Library Namdhari Elibrary@gmail.com

ਮਹਿਰੋ ਸਿੰਘ ਸੈਣੀ ਨਾਮਧਾਰੀਏ ਜੋ,
ਮਜਬੀ, ਕੰਬੋ, ਕੰਮੀ ਘੁਮਿਆਰ ਸਾਰੇ।
ਜਿਸ ਜ਼ਾਤ ਦਾ ਕੋਈ ਸੀ ਸਿੰਘ ਕੂਕਾ,
ਸਭੇ ਕਰ ਦਿਤੇ ਬੇਜਾਰ ਸਾਰੇ।
ਪਾਬੰਦ ਹੋਸਨ ਸਾਰੇ ਨਾਮਧਾਰੀ,
ਸਤ ਲਖ ਤੇ ਬਤੀ ਹਜਾਰ ਸਾਰੇ।
ਚੋਕਲ ਸਿੰਘ ਕਿਲਾ ਰੈਪੁਰੋਂ ਫੜ ਲਿਆ,
ਜਬਤ ਕਰ ਦਿਤਾ ਘਰ ਬਾਰ ਸਾਰੇ।
ਵਿਚ ਪਿੰਜਰੇ ਦੇ ਬੰਦ ਕਰ ਲੈ ਗਏ,
ਕਾਲੇ ਪਾਣੀ ਵਿਚ ਕੈਦ ਡਾਰ ਸਾਰੇ।
ਪਾਬੰਦ ਕੀਤਾ ਕਾਹਲਾ ਸਿੰਘ ਗਿਆਨੀ,
ਨੰਗਲ ਪਿੰਡ ਵਿਚ ਕਈ ਵਾਰ ਸਾਰੇ।
ਸਖਤੀ ਝੱਲੀ ਮੈਂ ਹੈ ਫਰੰਗੀਆਂ ਦੀ,
ਤਾਂਹੀ ਲਿਖੀ ਕਲਮ ਪਸਾਰ ਸਾਰੇ।੫੪।

(ਵਾਕ ਕਵੀ)

ਸਿਖਾਂ, ਰਾਜਿਆਂ ਤੇ ਸਾਰੇ ਭੇਖੀਆਂ ਨੇ,
ਸਹੀਆਂ ਲਿਖ ਕੇ ਲਾਟ ਨੂੰ ਪਾਈਆਂ ਜੀ।
ਰਲੋ ਨਾਲ ਸਾਡੇ ਕੂਕਾ ਪੰਥ ਮੇਟੋ,
ਝਖਾਂ ਮਾਰੀਆਂ ਸਭਨੇ ਭਾਈਆਂ ਜੀ।
ਗੱਦੀਦਾਰ ਪੰਜਾਬ ਦੇ ਤਿੰਨ ਡੇਰੇ,
ਜਿਨ੍ਹਾਂ ਸਹੀਆਂ ਨਾ ਓਸ ਤੇ ਲਾਈਆਂ ਜੀ।
ਬ੍ਰਹਮ ਬੂਟਾ ਉਦਾਸੀ ਅਖਾੜਾ ਅੰਮ੍ਰਿਤਸਰ ਦਾ,
ਨਹੀਂ ਓਸਨੇ ਸਹੀਆਂ ਲਖਾਈਆਂ ਜੀ।
ਨਰੈਣ ਸਿੰਘ ਸੇਖਵਾਂ ਜਿਲਾ ਫੀਰੋਜਪੁਰ ਦਾ,
ਨਿਰਮਲ ਗੱਦੀ ਨਾ ਸਹੀਆਂ ਬਨਾਈਆਂ ਜੀ।



Sri Satguru Jagjit Singh Ji E Library Namdhari Elibrary@gmail.com

ਬਿਰਾਗੀ, ਮਹੰਤ ਧਿਆਨ ਪੁਰ ਗੱਦੀ,
ਜਿਲਾ ਗੁਰਦਾਸ ਪੁਰ ਨਾ ਸਹੀਆਂ ਲਾਈਆਂ ਜੀ।
ਵੈਰ ਕੀਤਾ ਸਭਨਾਂ ਨੇ ਕਾਹਲਾ ਸਿੰਘਾ,
ਕੂਕੇ ਸਿੰਘਾਂ ਦੀਆਂ ਧੰਨ ਕਮਾਈਆਂ ਜੀ।੫੫।

## ਪੰਜਾਬ ਦੇ ਨਾਮਧਾਰੀ ਸਿੰਘ

ਕਈ ਸਿੰਘ ਸੀ ਹੋ ਬੇ-ਸਿਦਕ ਗਏ,
ਰਾਜੇ ਸਖ਼ਤ ਜੁਲਮ ਤੇ ਸੀ ਕੁਢੰਗ ਕੀਤਾ।
ਕਈ ਦੇਖੇ ਮੈਂ ਸੁਣੇ ਬੇ-ਸਿਦਕ ਅਖੀਂ,
ਕਈਆਂ ਬੇ-ਸਿਦਕਾਂ ਵਾਲਾ ਰੰਗ ਕੀਤਾ।
ਕਈਆਂ ਲਾਹੇ ਕਛਹਿਰੇ ਲੰਗੋਟ ਪਾਏ,
ਕਈਆਂ ਕੇਸ ਦਾਹੜਾ ਛੇਦ ਅੰਗ ਕੀਤਾ।
ਕਈਆਂ ਮੁਖਬਰਾਂ ਸਿੰਘ ਫੜਾ ਦਿਤੇ,
ਸਿਖੀ ਸਿਦਕ ਕਈਆਂ ਦਾ ਅੰਗ ਤੇ ਭੰਗ ਕੀਤਾ।
ਕਈ ਨਵੇਂ ਸਿੰਘ ਸਜੇ ਸੀ ਨਾਮਧਾਰੀ,
ਕਈਆਂ ਹੋਣ ਤੇ ਚਿਤ ਤਰੰਗ ਕੀਤਾ।
ਗੁਰੂ ਹਰੀ ਸਿੰਘ ਵੇਲੇ ਕਈ ਸਿੰਘ ਸਜੇ,
ਅੰਮ੍ਰਿਤ ਛਕੇ ਤੇ ਫੇਰ ਸਤਸੰਗ ਕੀਤਾ।
ਕਈਆਂ ਅਪਣੀਆਂ ਭੁਲਾਂ ਬਖਸ਼ਾ ਲਈਆਂ,
ਸਤਿਗੁਰਾਂ ਦਾ ਮਨ ਤੇ ਰੰਗ ਕੀਤਾ।
ਬਿਕ੍ਰਮ ਉਨੀ ਸੋ ਵਿਚ ਅਠਾਈਏ ਦੇ,
ਜੋ ਕੁਛ ਵਰਤਿਆ ਲਿਖ ਪਰਸੰਗ ਕੀਤਾ।
ਕਾਹਲਾ ਸਿੰਘ ਮੈਂ ਨੇਤਰਾਂ ਨਾਲ ਦੇਖੇ,
ਲੇਖਕ ਕਈ ਵਾਰੀ ਪਾਬੰਦ ਕੀਤਾ।੫੬।



Sri Satguru Jagjit Singh Ji E-Library Namdhari Elibrary@gmail.com

(ਵਾਕ ਕਵੀ)

ਅੰਮ੍ਰਿਤਸਰ ਅਕਾਲ ਤਖਤ ਵਾਲੇ ਜੇ ਸਿਖ ਹੁੰਦੇ,
ਸੰਤ ਖਾਲਸੇ ਨਾਲ ਨਾ ਖਾਰ ਕਰਦੇ।
ਰਾਜੇ ਸਿਖ ਹੁੰਦੇ ਮਾਰ ਕੁਟਦੇ ਨਾ,
ਕੜੀਆਂ ਬੇੜੀਆਂ ਨਾ ਕੈਦ ਮਾਰ ਕਰਦੇ।
ਅੱਗ ਨਾਲ ਨਾ ਸਾੜਦੇ ਕੇਸ ਦਾਹੜੀ,
ਪਾਣੀ ਛਿੜਕ ਨਾ ਮਾਰ ਦੁਖਿਆਰ ਕਰਦੇ।
ਜੇਕਰ ਆਪ ਹੁੰਦੇ ਸਿਖ ਦਸਮ ਗੁਰ ਦੇ,
ਸੰਤ ਖਾਲਸੇ ਨਾਲ ਪਿਆਰ ਕਰਦੇ।
ਭਜਨ ਕਰਨ ਵਾਲੇ ਕੂਕੇ ਸਿੰਘ ਸਾਰੇ,
ਕਿਰਤ ਕਰ ਖਾਂਦੇ ਘਰ ਦੀ ਕਾਰ ਕਰਦੇ।
ਕੂਕੇ ਦੇਸ ਅਜਾਦੀ ਦੇ ਕਰਨ ਵਾਲੇ,
ਸਿਖ ਧਰਮ ਦਾ ਸੀ ਪਰਚਾਰ ਕਰਦੇ।
ਗ਼ੁਲਾਮੀ ਰਾਜ ਫਰੰਗੀ ਨੂੰ ਤਾਹਣ ਵਾਲੇ,
ਜਥੇਬੰਦ ਸੀ ਦੇਸ ਸੁਧਾਰ ਕਰਦੇ।
ਸਿਖ ਰਹਿਤ ਬਾਣੀ ਗਰੰਥ ਪੜ੍ਹਨ ਵਾਲੇ,
ਅਖੌਤੀ ਸਿਖ ਬਣ ਕੇ ਹੈਸਨ ਖਾਰ ਕਰਦੇ।
ਗਿਆਨੀ, ਧਿਆਨੀ, ਸੋਢੀ, ਬੇਦੀ ਸਰਬ ਰਾਜੇ,
ਕੂਕੇ ਪੰਥ ਨੂੰ ਸੀ ਮਾਰੋ ਮਾਰ ਕਰਦੇ।
ਕਾਹਲਾ ਸਿੰਘ ਕੀਤਾ ਜ਼ੁਲਮ ਗੋਰਿਆਂ ਨੇ,
ਨਾਲੇ ਰਲਕੇ ਦੇਸ ਗਦਾਰ ਕਰਦੇ।੫੭।

(ਵਾਕ ਕਵੀ)

ਕੀ ਲਿਖਾਂ ਕੀ ਮੈਂ ਨਾ ਲਿਖਾਂ,
ਦੁਖ ਦਿਤਾ ਸਿੰਘਾਂ ਨਾਮਧਾਰੀਆਂ ਨੂੰ।
ਨਜਰਬੰਦੀਆਂ ਹਾਜਰੀ ਨਿਤ ਲੈਂਦੇ,
ਬਣੀ ਔਖ ਭਾਰੀ ਨਾਮਧਾਰੀਆਂ ਨੂੰ।



Sri Satguru Jagjit Singh Ji E-Library          Namdhari Elibrary@gmail.com

ਸਾਕ ਨਾਤੇ ਸਰਬੰਦੀ ਨਾ ਮਿਲਣ ਦੇਂਦੇ,
ਬਣੀ ਬਹੁਤ ਸੀ ਨਾਮਧਾਰੀਆਂ ਨੂੰ।
ਭੈਣੀ ਸਾਹਿਬ ਗੁਰਦੁਆਰੇ ਨਾ ਜਾਣ ਦੇਂਦੇ,
ਪਿੰਡ ਵਾਲੇ ਮੁਕਬਰ ਨਾਮਧਾਰੀਆਂ ਨੂੰ।
ਪਾਣੀ ਨੇੜੇ ਦੇ ਖੂਹਾਂ ਤੋਂ ਬੰਦ ਕੀਤੇ,
ਜ਼ੈਲਦਾਰ ਦਾ ਸੀ ਹੁਕਮ ਪਟਵਾਰੀਆਂ ਨੂੰ।
ਤਮਾਕੂ ਪਾ ਦੇਂਦੇ ਖੂਹਾਂ ਵਿਚ ਬਾਹਮਣ,
ਤਾਹਨੇ ਮਾਰਦੇ ਨੇ ਗਲਾਂ ਖਾਰੀਆਂ ਨੂੰ।
ਜਾਣ ਠਾਣੇ ਇਤਲਾਹ ਜੇ ਨਾਮਧਾਰੀ,
ਪੁਲਸ ਕਰੇ ਤੰਗੀ ਤੇ ਖਵਾਰੀਆਂ ਨੂੰ।
ਸਿੰਘ ਸਿਦਕ ਨਾ ਛਡਦੇ ਗੁਰਾਂ ਉਤੋਂ,
ਸਹਿੰਦੇ ਕੋਟੜੇ ਮਾਰ ਕਟਾਰੀਆਂ ਨੂੰ।
ਮੇਰੇ ਨਾਲ ਵਰਤੀ ਕੀ, ਮੈਂ ਕੀ ਲਿਖਾਂ,
ਝਲਦਾ ਰਿਹਾ ਮੈਂ ਮੁਸੀਬਤਾਂ ਭਾਰੀਆਂ ਨੂੰ।
ਕਾਹਲਾ ਸਿੰਘ ਮੇਰੇ ਸੀ ਹੱਡ ਵਰਤੀ,
ਕਲਮ ਬੰਦ ਕਰਾਂ ਗਲਾਂ ਸਾਰੀਆਂ ਨੂੰ।

ਪਰਸੰਗ ਸੰਪੂਰਨ ਬਿ: ੧੯੭੯

ਦਸਖਤ ਕਾਹਲਾ ਸਿੰਘ ਨਾਮਧਾਰੀ
ਨੰਗਲ ਵਡਾ ਪਖੋਵਾਲ
ਜ਼ਿਲਾ ਲੁਧਿਆਣਾ



Sri Satguru Jagjit Singh Ji ELibrary NamdhariElibrary@gmail.com

# ਸੁਰਗਵਾਸੀ ਬਾਬਾ ਕਾਹਲਾ ਸਿੰਘ ਨਾਮਧਾਰੀ
# ਨੰਗਲ ਨਿਵਾਸੀ ਦੀਆਂ ਰਚਨਾ

ਪ੍ਰਕਾਸ਼ਤ ਤੇ ਲਿਖਤੀ ਰੂਪ ਵਿਚ

੧. ਪੈਂਤੀਸ ਅਖਰੀ ਜੰਗ ਨਾਮਾ
੨. ਉਸਤਤਿ ਸਤਿਗੁਰੂ ਰਾਮ ਸਿੰਘ
੩. ਸਾਕਾ ਰਾਏਕੋਟ ਤੇ ਸ੍ਰੀ ਅੰਮ੍ਰਿਤਸਰ
੪. ਸਾਕਾ ਮਲੇਰ ਕੋਟਲਾ
੫. ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼
੬. ਸ੍ਰੀ ਭਗਤ ਨਾਮਦੇਵ ਪ੍ਰਕਾਸ਼—ਜਨਮ ਸਾਖੀ
੭. ਸ੍ਰੀ ਭਗਤ ਰਵਿਦਾਸ ਪ੍ਰਕਾਸ਼—ਜਨਮ ਸਾਖੀ
੮. ਬਾਰਹ ਮਾਹਾ ਪ੍ਰਕਾਸ਼ਤ ਹੋਏ

ਲਿਖਤੀ ਰੂਪ ਵਿਚ ਰਚਨਾ

ਸ੍ਰੀ ਗੁਰੂ ਹਰੀ ਸਿੰਘ ਜੀ ਦਾ ਜੋਤ ਪ੍ਰਕਾਸ਼
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੋਤ
ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਖੰਡ ਪਾਠ ਤੇ ਜੋਗ ਪ੍ਰਯੋਗ
ਤਰਨ ਤਾਰਨ ਵਿਚ ਨਾਮਧਾਰੀ ਸਿੰਘਾਂ ਦਾ ਦਿਵਾਨ
ਸੰਤ ਖਾਲਸਾ ਪੰਥ ਪ੍ਰਭਾਕਰ
ਦਸਵੇਂ ਗੁਰੂ ਜੀ ਦਾ ਕੌਤਕ ਤੇ ਅੰਤਮ ਸਮਾਂ

ਪੁਸਤਕ ਮੰਗਵਾਉਣ ਦਾ ਪਤਾ—

## ਗਿਆਨੀ ਬੂਟਾ ਸਿੰਘ ਘੜੀ ਸਾਜ਼

ਪਿੰਡ ਦਮਦਮਾ, ਡਾ: ਧਰਮ ਪੁਰ, ਜ਼ਿ: ਹਿਸਾਰ

Sri Satguru Jagjit Singh Ji ELibrary NamdhariElibrary@gmail.com